# ਪਵਿੱਤਰ ਜੀਵਨ ਚਰਿਤ੍ਰ

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ
## ਬਾਨੀ ਅਹਮਦੀਆ ਮੁਸਲਿਮ ਜਮਾਤ


- ਲੇਖਕ -

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ

ਖ਼ਲੀਫ਼ਾਤੁਲ ਮਸੀਹ ਸਾਨੀ(ਰ)

- ਅਨੁਵਾਦਕ -

ਗਿਆਨੀ ਸ਼ਮਸ਼ਾਦ ਅਹਮਦ ਅਦਨ

# Seerat Hadhrat Masih Maood A.S.

*Author :*

**Hadhrat Mirza Basheeruddin Mahmood Ahmad**
Khalifatul Masih-II

*Punjabi Translation :*

Pavittar Jeevan Charitár
Hadhrat Mirza Ghulam Ahmad Qadiani
Bani Ahmadiyya Muslim Jamaat

*Translator :*

Giani Shamshad Ahmad Eden

*1st Edition* : *December 2005*
*Copies* : *2000*

*Published by :*

Nazarat Nashro Ishaat
Sadr Anjuman Ahmadiyya
Qadian- 143516, Punjab
INDIA.
Ph.: 01872-222870
Fax: 01872-220749

*Printing at :*

Fazle Umar Printing Press, Qadian

**ISBN : 81-7912-079-1**

# ਦੋ ਸ਼ਬਦ

ਅਲੱਹ ਦੀ ਅਪਾਰ ਕਿਰਪਾ ਨਾਲ ਭਾਰਤ ਭਰ ਵਿੱਚ ਮੁਸਲਿਮ ਅਹਿਮਦੀਆ ਜਮਾਤ ਦੀ ਤਰੱਕੀ ਨੂੰ ਵੇਖਦਿਆਂ ਹੋਇਆਂ ਬਾਨੀ ਜਮਾਤ ਅਹਿਮਦੀਆ ਦੇ ਪਵਿੱਤਰ ਜੀਵਨ ਚਰਿਤ੍ਰ ਬਾਰੇ ਜਾਨਕਾਰੀ ਪ੍ਰਾਪਤ ਕਰਨ ਦੀ ਬਹੁਤ ਇੱਛਾ ਹੁੰਦੀ ਹੈ, ਕਿ ਅਹਿਮਦੀਆ ਮੁਸਲਿਮ ਜਮਾਤ ਬਾਰੇ ਪੂਰੀ ਜਾਨਕਾਰੀ ਪ੍ਰਾਪਤ ਹੋਵੇ। ਇਸੇ ਲੋੜ ਨੂੰ ਮੁੱਖ ਰਖਦੇ ਹੋਏ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਖਲੀਫ਼ਾ ਤੁਲ ਮਸੀਹ ਸਾਨੀ ਰਜ਼ੀ ਅੱਲਾਹ ਅਨਹੋ ਦੀ ਲਿਖੀ ਹੋਈ ਸੰਖੇਪ ਪੁਸਤਕ ਨੂੰ ਪੰਜਾਬੀਆਂ ਲਈ ਪੰਜਾਬੀ (ਗੁਰਮੁਖੀ) ਭਾਸ਼ਾ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ ?

ਹਜ਼ੂਰ (ਰ.ਅ.) ਨੇ ਇਹ ਕਿਤਾਬ 1914 ਈ. ਵਿੱਚ ਲਿਖੀ ਅਤੇ ਇਸ ਦੇ ਕਈ ਐਡੀਸ਼ਨ ਭਿੰਨ ਭਿੰਨ ਥਾਵਾਂ ਵਿੱਚ ਪ੍ਰਕਾਸ਼ਤ ਹੋ ਚੁਕੇ ਹਨ। ਇਸ ਨਜ਼ਾਰਤ ਨੂੰ ਵੀ ਇਹ ਬੇਮਿਸਾਲ ਕਿਤਾਬ ਛਾਪਣ ਦਾ ਅਵਸਰ ਪ੍ਰਾਪਤ ਹੋ ਰਿਹਾ ਹੈ।

ਅੱਲਾਹ ਤੋਂ ਦੁਆ ਹੈ ਕਿ ਉਹ ਇਸ ਕਿਤਾਬ ਨੂੰ ਸਾਰਿਆਂ ਲਈ ਲਾਹੇ-ਵੰਦ ਬਣਾਏ ਅਤੇ ਵੱਧ ਤੋਂ ਵੱਧ ਲੋਕ ਇਸ ਤੋਂ ਲਾਭ ਉਠਾਉਣ।

ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ
ਸਦਰ ਅੰਜੁਮਨ ਅਹਮਦੀਆ

# ਮੁੱਖ ਬੰਦ
# (ਪਹਲਿਾ ਐਡੀਸ਼ਨ)

ਕਿਉਂਕਿ ਅਹਿਮਦੀਆ ਜਮਾਤ ਦੀ ਹਰ ਰੋਜ਼ ਦੀ ਤਰੱਕੀ ਅਤੇ ਸੰਸਾਰ ਭਰ ਵਿੱਚ ਫ਼ੈਲਣ ਵਾਲੀ ਇਸ ਲਹਿਰ ਨੂੰ ਦੇਖਕੇ ਬਹੁਤ ਸਾਰੇ ਲੋਕ ਜੋ ਇਸ ਬਾਰੇ ਜਾਨਕਾਰੀ ਨਹੀਂ ਰਖਦੇ, ਵਿਚਾਰ ਪੈਦਾ ਹੁੰਦਾ ਹੈ ਕਿ ਉਹ ਇਸ ਬਾਰੇ ਕੁਝ ਜਾਨਣ ਪਰ ਆਪਣੇ ਰੁਝੇਵਿਆਂ ਤੇ ਕੁਝ ਮਜਬੂਰੀਆਂ ਕਰਕੇ ਉਹ ਵਿਸਥਾਰ ਨਾਲ ਕਿਤਾਬਾਂ ਨਹੀਂ ਦੇਖ ਸਕਦੇ । ਇਸ ਲਈ ਮੈਂ ਵਿਚਾਰਿਆ ਕਿ ਇਕ ਅਜੇਹੀ ਛੋਟੀ ਜਿਹੀ ਪੁਸਤਿਕਾ ਲਿਖਾਂ ਜਿਸ ਵਿਚ ਸੰਖੇਪ ਵਿੱਚ ਇਸ ਜਮਾਤ ਅਤੇ ਇਸ ਦੇ ਬਾਨੀ ਦੇ ਹਾਲਾਤ ਦਰਜ ਹੋਣ, ਤਾਂ ਜੋ ਸੱਚਾਈ ਦੇ ਖੋਜੀਆਂ ਲਈ ਉਹ ਅਲਾਹ ਦੀ ਅਪਾਰ ਕਿਰਪਾ ਨਾਲ ਪਥ-ਪ੍ਰਦਰਸ਼ਨ ਦਾ ਕੰਮ ਦੇਵੇ ਅਤੇ ਵਧੇਰੀ ਤਹਕੀਕ ਲਈ ਮਨ ਨੂੰ ਉਕਸਾਏ ਅਤੇ ਆਕਾਸ਼ੀ-ਬਾਦਸ਼ਾਹਤ ਵਿੱਚ ਦਾਖਲ ਹੋਣ ਵਾਲਿਆਂ ਲਈ ਰਸਤਾ ਸ਼ਾਫ ਕਰੇ ।

ਇਸ ਸੰਖੇਪ ਪੁਸਤਕ ਵਿੱਚ ਬਾਨੀ ਅਹਮਦੀਆ ਮੁਸਲਿਮ ਜਮਾਤ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਮਸੀਹ ਮੌਊਦ ਵ ਮਹਿਦੀ ਮੌਊਦ ਅਲੈਹਿਸ ਸਲਾਮ ਦੇ ਹਾਲਾਤ, ਜੀਵਨੀ ਉਹਨਾਂ ਦਾ ਦਾਅਵਾ ਅਤੇ ਦਲੀਲਾਂ, ਕਠਿਨਾਈਆਂ, ਉਹਨਾ ਦੀਆਂ ਭਵਿੱਖਬਾਣੀਆ, ਉਨ੍ਹਾਂ ਦੇ ਕੰਮ ਅਤੇ ਉਨ੍ਹਾਂ ਮਗਰੋਂ ਕਾਇਮ ਕੀਤੀ ਜਮਾਤ ਦੇ ਹਾਲਾਤ ਉੱਪਰ ਸੰਖੇਪ ਚਾਨ੍ਹਣਾ ਪਾਇਆ ਗਿਆ ਹੈ ।

بسم الله الرحمن الرحيم

نحمده ونصلي على رسوله الكريم

# ਪਵਿੱਤਰ ਜੀਵਨ ਚਰਿਤ੍ਰ
# ਬਾਨੀ ਜਮਾਤ ਅਹਿਮਦੀਆ

---

## ਹਜ਼ਰਤ ਅਹਮਦ ਕਾਦੀਆਨੀ ਅਲੈਹਿਸੱਲਾਮ ਅਤੇ ਆਪਦੀ ਖ਼ਾਨਦਾਨੀ ਦਸ਼ਾ

ਅਹਮਦ ਅਲੈਹਿਸੱਲਾਮ ਜੋ ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਸਨ, ਆਪ ਜੀ ਦਾ ਪੂਰਾ ਨਾਂ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿਸੱਲਾਮ ਹੈ ਆਪ ਕਾਦੀਆਂ ਦੇ ਵਸਨੀਕ ਸਨ ਜੋ ਬਟਾਲਾ ਰੇਲਵੇ ਸਟੇਸ਼ਨ ਤੋਂ ਗਿਆਰ੍ਹਾਂ ਮੀਲ, ਅੰਮ੍ਰਿਤਸਰ ਤੋਂ ਚੌਵੀ ਮੀਲ ਅਤੇ ਲਾਹੌਰ ਤੋਂ ਲਗਭਗ ਸੱਤਰ ਮੀਲ ਪੂਰਬ ਵੱਲ ਇਕ ਕਸਬਾ ਹੈ। ਆਪ ਲਗਭਗ ਸਨ 1836 ਈ. ਜਾਂ ਸਨ 1837 ਈ. ਵਿੱਚ ਇਸੇ ਕਸਬੇ ਵਿੱਚ ਮਿਰਜ਼ਾ ਗ਼ੁਲਾਮ ਮੁਰਤਜ਼ਾ ਸਾਹਬ ਦੇ ਘਰ ਸ਼ੁਕੱਰਵਾਰ ਨੂੰ ਪੈਦਾ ਹੋਏ।[1] ਆਪ ਦਾ ਜਨਮ ਜੁੜਵਾਂ ਸੀ ਭਾਵ ਆਪ ਨਾਲ ਇਕ ਲੜਕੀ ਵੀ ਪੈਦਾ ਹੋਈ ਸੀ ਜੋ ਥੋੜੇ ਸਮੇਂ ਮਗਰੋਂ ਹੀ ਰੱਬ ਨੂੰ ਪਿਆਰੀ ਹੋ ਗਈ।

ਇਸ ਤੋਂ ਪਹਿਲਾਂ ਕਿ ਮੈਂ ਆਪ ਜੀ ਦੇ ਜੀਵਨ ਬਾਰੇ ਵਰਨਣ ਕਰ੍ਹਾਂ ਜ਼ਰੂਰੀ ਹੈ ਕਿ ਆਪਦੇ ਖਾਨਦਾਰੀ ਹਾਲਾਤ ਸੰਖੇਪ ਵਿੱਚ ਦਸ ਦਿੱਤੇ ਜਾਣ।

ਆਪ ਜੀ ਦਾ ਪਰਿਵਾਰ ਆਪਣੇ ਖੇਤਰ ਵਿੱਚ ਇਕ ਸਿਰ-ਕੱਢ ਪਰਿਵਾਰ ਸੀ, ਅਤੇ ਇਸ ਦਾ ਪਰਿਵਾਰਕ ਇਤਿਹਾਸ ਬਰਲਾਸ ਤੋਂ ਜੋ ਤੈਮੂਰ ਦਾ ਚਾਚਾ ਸੀ, ਮਿਲਦਾ ਹੈ। ਜਦ ਅਮੀਰ ਤੈਮੂਰ ਨੇ ਕੁਸ਼ ਖ਼ੇਤਰ ਉੱਤੇ ਵੀ ਜਿਸ 'ਤੇ ਉਸ ਦਾ ਚਾਚਾ ਰਾਜ ਕਰਦਾ ਸੀ ਕਬਜ਼ਾ ਕਰ ਲਿਆ ਤਾਂ ਬਰਲਾਸ ਪਰਿਵਾਰ ਖ਼ੁਰਾਸਾਨ ਆ ਵਸਿੱਆ ਅਤੇ ਇਕ ਲੰਮਾ ਸਮਾਂ ਇੱਥੇ ਵੱਸਿਆ ਰਿਹਾ, ਪਰ ਦਸਵੀਂ ਸਦੀ ਹਿਜਰੀ

---

*[1] ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਬ ਐਮ.ਏ. ਦੀ ਤਹਿਕੀਕ ਮੁਤਾਬਕ ਹਜ਼ਰਤ ਅਕਦਸ ਅਲੈਹਿਸੱਲਾਮ 13 ਫ਼ਰਵਰੀ ਸਨ 1835 ਈ. ਵਿੱਚ ਪੈਦਾ ਹੋਵੇ।*

ਜਾਂ ਸੋਲ੍ਹਵੀਂ ਸਦੀ ਈਸਵੀਂ ਦੇ ਅੰਤ ਵਿੱਚ ਇਸ ਪਰਿਵਾਰ ਦਾ ਇਕ ਮੈਂਬਰ ਮਿਰਜ਼ਾ ਹਾਦੀ ਬੇਗ਼ ਕੁਝ ਅਗਿਆਤ ਕਾਰਨਾ ਕਰਕੇ ਉਸ ਦੇਸ਼ ਨੂੰ ਛੱਡ ਕੇ ਲਗਭਗ (200) ਦੋ ਸੌ ਆਦਮੀਆਂ ਸਮੇਤ ਭਾਰਤ ਆ ਗਿਆ ਅਤੇ ਦਰਿਆ ਬਿਆਸ ਦੇ ਨੇੜੇ ਦੇ ਖੇਤਰ ਵਿੱਚ ਆਪਣਾ ਡੇਰ੍ਹਾ ਲਗਾਇਆ ਅਤੇ ਬਿਆਸ ਤੋਂ ਨੌ (9) ਮੀਲ ਦੀ ਦੂਰੀ 'ਤੇ ਇਕ ਪਿੰਡ ਵਸਾਇਆ ਅਤੇ ਉਸ ਦਾਂ ਨਾਂ ਇਸਲਾਮ ਪੁਰ ਰੱਖਿਆ (ਅਰਥਾਤ ਇਸਲਾਮ ਦਾ ਸ਼ਹਿਰ) ਕਿਉਂਕਿ ਆਪ ਇਕ ਕਾਬਲ ਤੇ ਯੋਗ ਵਿਆਕਤੀ ਸਨ ਇਸ ਲਈ ਦਿੱਲੀ ਸਰਕਾਰ ਵੱਲੋਂ ਇਸ ਖੇਤਰ ਦੇ ਕਾਜ਼ੀ ਨਿਯੁਕਤ ਹੋਏ ਅਤੇ ਇਸ ਅਹੁਦੇ ਕਰਕੇ ਆਪਦੇ ਪਿੰਡ ਦਾ ਨਾਂ ਇਸਲਾਮਪੁਰ ਦੀ ਥਾਂ ਇਸਲਾਮਪੁਰ ਕਾਜ਼ੀ ਹੋ ਗਿਆ ਅਰਥਾਤ ਇਸਲਾਮਪੁਰ ਜੋ ਕਾਜ਼ੀ ਦਾ ਸਥਾਨ ਹੈ। ਵਿਗੜਦਿਆਂ ਵਿਗੜਦਿਆਂ ਇਸਲਾਮਪੁਰ ਤਾਂ ਉੱਕਾ ਹੀ ਮਿਟ ਗਿਆ ਅਤੇ ਕੇਵਲ ਕਾਜ਼ੀ ਰਹਿ ਗਿਆ ਜੋ ਪੰਜਾਬੀ ਉੱਚਾਰਨ ਵਿੱਚ ਕਾਦੀ ਬਣ ਗਿਆ ਅਤੇ ਅੰਤ ਇਸ ਤੋਂ ਵਿਗੜ ਕੇ ਇਸ ਦਾ ਨਾਂ 'ਕਾਦੀਆਨ' ਹੋ ਗਿਆ।

ਭਾਵ, ਮਿਰਜ਼ਾ ਹਾਦੀ ਬੇਗ ਸਾਹਬ ਨੇ ਖ਼ੁਰਾਸਾਨ ਤੋਂ ਆਣਕੇ ਦਰਿਆ ਬਿਆਸ ਨੇੜੇ ਇਕ ਪਿੰਡ ਵਸਾਕੇ ਉਸਦੇ ਵਸਨੀਕ ਬਣੇ ਅਤੇ ਇਸੇ ਸਥਾਨ 'ਤੇ ਉਨ੍ਹਾਂ ਦਾ ਪਰਿਵਾਰ ਸਦੈਵ ਨਿਵਾਸੀ ਰਿਹਾ। ਦਿੱਲੀ ਸਰਕਾਰ ਤੋਂ ਦੂਰ ਰਹਿੰਦਿਆ ਹੋਇਆਂ ਵੀ ਇਸ ਪਰਿਵਾਰ ਦੇ ਮੈਂਬਰ ਮੁਗ਼ਲੀਆ ਸਰਕਾਰ ਅਧੀਨ ਸਨਮਾਨਤ ਪਦਾਂ ਉੱਪਰ ਨਿਯੁਕਤ ਰਹੇ ਅਤੇ ਜਦ ਮੁਗਲੀਆ ਸਰਕਾਰ ਦਾ ਪਤਨ ਹੋਇਆ ਅਤੇ ਪੰਜਾਬ ਵਿੱਚ ਖਾਨਾ-ਜੰਗੀ ਫ਼ੈਲ ਗਈ ਤਾਂ ਇਹ ਪਰਿਵਾਰ ਇਕ ਸੁਤੰਤਰ ਸ਼ਾਸਨ ਦੇ ਰੂਪ ਵਿੱਚ ਕਾਦੀਆਂ ਦੇ ਆਲੇ-ਦੁਆਲੇ ਦੇ ਖੇਤਰ ਉੱਤੇ ਜੋ ਲਗਭਗ ਸੱਠ (60) ਮੀਲ ਦਾ ਖੇਤਰ ਸੀ ਰਾਜ ਕਰਦਾ ਰਿਹਾ। ਪਰ ਸਿੱਖਾਂ ਦੇ ਜ਼ੋਰ ਸਮੇਂ ਰਾਮ-ਗੜ੍ਹੀਆ ਸਿੱਖਾਂ ਨੇ ਕੁਝ ਹੋਰ ਪਰਿਵਾਰਾਂ ਨਾਲ ਮਿਲਕੇ ਇਸ ਪਰਿਵਾਰ ਵਿਰੁਧ ਜੰਗ ਸ਼ੁਰੂ ਕੀਤੀ। ਉਨ੍ਹਾਂ ਦੇ ਪਰਦਾਦਾ ਨੇ ਤਾਂ ਆਪਣੇ ਸਮੇਂ ਵਿੱਚ ਇਕ ਹਦ ਤੱਕ ਦੁਸ਼ਮਣਾਂ ਦੇ ਹਮਲਿਆਂ ਨੂੰ ਰੋਕਿਆ ਪਰ ਹੋਲੀ-ਹੋਲੀ ਹਜ਼ਰਤ ਮਿਰਜ਼ਾ ਸਾਹਿਬ ਜੀ ਦੇ ਦਾਦਾ ਦੇ ਸਮੇਂ ਇਸ ਰਿਆਸਤ ਦੀ ਹਾਲਤ ਅਜੇਹੀ ਕਮਜ਼ੋਰ ਹੋ ਗਈ ਕਿ ਕੇਵਲ 'ਕਾਦੀਆਂ' ਜੋ ਉਸ ਸਮੇਂ ਇਕ ਕਿਲੇ ਦੇ ਰੂਪ ਵਿੱਚ ਸੀ, ਇਸ ਦੇ ਚਾਰੇ ਪਾਸੇ ਕੰਧ ਸੀ ਉਨ੍ਹਾਂ ਦੇ ਕਬਜ਼ੇ ਵਿੱਚ ਰਹਿ ਗਿਆ ਅਤੇ ਬਾਕੀ ਸਾਰਾ ਇਲਾਕਾ ਉਨ੍ਹਾਂ ਦੇ ਹੱਥੋਂ ਨਿਕਲ ਗਿਆ ਅਤੇ ਅੰਤ ਕੁਝ ਪਿੰਡ ਨਿਵਾਸੀਆਂ ਨਾਲ ਰਲਕੇ ਸਾਜ਼ਸ਼ ਕਰਕੇ ਸਿੱਖਾਂ ਨੇ ਇਸ ਉੱਪਰ ਕਬਜ਼ਾ ਕਰ ਲਿਆ ਅਤੇ ਇਸ ਪਰਿਵਾਰ ਦੇ ਸਾਰੇ ਪੁਰੁਸ਼-ਇਸ਼ਤਰੀਆਂ ਕੈਦ ਕਰ ਲਏ ਗਏ ਪਰ ਕੁਝ ਦਿਨਾਂ ਮਗਰੋਂ ਸਿੱਖਾਂ ਨੇ ਉਨ੍ਹਾਂ ਨੂੰ ਇਸ ਖੇਤਰ 'ਚੋਂ ਚਲੇ ਜਾਣ

ਦੀ ਆਗਿਆ ਦੇ ਦਿੱਤੀ। ਇਹ ਰਿਆਸਤ ਕਪੂਰਥਲਾ ਵਿੱਚ ਚਲੇ ਗਏ ਅਤੇ ਉੱਥੇ ਲਗਭਗ ਸੋਲ੍ਹਾ (16) ਸਾਲ ਰਹੇ। ਇਸ ਮਗਰੋਂ ਮਹਾਰਾਜਾ ਰਣਜੀਤ ਸਿੰਘ ਦਾ ਕਾਲ ਆਰੰਭ ਹੋਇਆ ਉਨ੍ਹਾਂ ਨੇ ਸਾਰੇ ਛੋਟੇ-ਛੋਟੇ ਰਾਜਿਆਂ ਨੂੰ ਆਪਣੇ ਅਧੀਨ ਕਰ ਲਿਆ। ਇਸ ਪ੍ਰਬੰਧ ਵਿੱਚ ਹਜ਼ਰਤ ਮਿਰਜ਼ਾ ਸਾਹਬ ਦੇ ਪਿਤਾ ਨੂੰ ਵੀ ਉਨ੍ਹਾਂ ਦੀ ਜਾਗੀਰ ਦਾ ਬਹੁਤ ਕੁਝ ਹਿੱਸਾ ਵਾਪਸ ਕਰ ਦਿੱਤਾ ਅਤੇ ਉਹ ਆਪਣੇ ਭਰਾਵਾਂ ਸਣੇ ਮਹਾਰਾਜਾ ਦੀ ਸੇਨਾ ਵਿੱਚ ਭਰਤੀ ਹੋ ਗਏ ਅਤੇ ਜਦ ਅੰਗਰੇਜ਼ੀ ਰਾਜ ਨੇ ਸਿੱਖਾਂ ਦੀ ਸਰਕਾਰ ਨੂੰ ਤਬਾਹ ਕਰ ਦਿੱਤਾ ਤਾਂ ਉਨ੍ਹਾਂ ਦੀ ਜਾਗੀਰ ਜ਼ਬਤ ਕਰ ਲਈ ਗਈ ਪਰ ਕਾਦੀਆਂ ਦੀ ਧਰਤੀ ਉੱਤੇ ਮਲਕੀਅਤ ਦੇ ਅਧਿਕਾਰ ਦੇ ਦਿੱਤੇ ਗਏ।

## ਆਪਦੇ ਪਰਿਵਾਰ ਦਾ ਇਤਿਹਾਸ ਵਿੱਚ ਵਰਨਣ

ਇਹ ਸੰਖੇਪ ਹਾਲਾਤ ਲਿੱਖਣ ਮਗਰੋਂ ਸਰ ਲੇਪਲ ਗਰੀਫ਼ਨ ਦੀ ਕਿਤਾਬ ''ਪੰਜਾਬ ਚੀਫ਼ਸ'' ਦਾ ਉਹ ਭਾਗ ਜੋ ਹਜ਼ਰਤ ਮਿਰਜ਼ਾ ਸਾਹਬ ਦੇ ਪਰਿਵਾਰ ਸੰਬੰਧੀ ਹੈ ਅਸੀਂ ਲਿਖ ਦੇਣਾ ਉਚਿਤ ਸਮਝਦੇ ਹਾਂ :-

''ਸ਼ਹਿਨਸ਼ਾਹ ਬਾਬਰ ਦੇ ਰਾਜ ਦੇ ਅੰਤਮ ਸਾਲ ਅਰਥਾਤ ਸੰਨ 1530 ਈ. ਵਿੱਚ ਇਕ ਮੁਗ਼ਲ ਹਾਦੀ ਬੇਗ ਨਿਵਾਸੀ ਸਮਰਕੰਦ ਆਪਣਾ ਦੇਸ਼ ਛੱਡ ਕੇ ਪੰਜਾਬ ਵਿੱਚ ਆਇਆ ਅਤੇ ਜ਼ਿਲਾ ਗੁਰਦਾਸਪੁਰ ਵਿੱਚ ਆਣ ਵੱਸਿਆ। ਇਹ ਕੁਝ ਪੜ੍ਹਿਆ ਲਿਖਿਆ ਆਦਮੀ[1] ਸੀ, ਅਤੇ ਕਾਦੀਆਂ ਦੇ ਆਲੇ-ਦੁਆਲੇ ਦੇ ਸੱਤਰ ਪਿੰਡਾ ਦਾ ਕਾਜ਼ੀ ਜਾਂ ਮਜਿਸਟ੍ਰੇਟ ਨਿਯੁਕਤ ਕੀਤਾ ਗਿਆ। ਕਹਿੰਦੇ ਹਨ 'ਕਾਦੀਆਂ' ਉਸਨੇ ਵਸਾਇਆ ਅਤੇ ਉਸਦਾ ਨਾਂ ਇਸਲਾਮਪੁਰ ਕਾਜ਼ੀ ਰੱਖਿਆ ਜੋ ਬਦਲਦਿਆ-ਬਦਲਦਿਆਂ 'ਕਾਦੀਆਂ'[2] ਹੋ ਗਿਆ। ਕਈ ਪੁਸ਼ਤਾਂ ਤਕ ਇਹ ਪਰਿਵਾਰ ਸ਼ਾਹੀ ਰਾਜਕਾਲ ਵਿੱਚ ਸਨਮਾਨਿਤ ਅਹੁਦਿਆਂ ਉੱਪਰ ਨਿਯੁਕਤ ਰਿਹਾ। ਅਤੇ ਕੇਵਲ ਸਿੱਖਾਂ ਦੇ ਰਾਜ ਸਮੇਂ ਇਹ ਮਾੜੀ ਹਾਲਤ ਵਿੱਚ ਹੋ ਗਿਆ ਸੀ। ਮਿਰਜ਼ਾ ਗੁਲ ਮੁਹੰਮਦ ਅਤੇ ਉਸ ਦਾ ਪੁੱਤਰ ਅਤਾ ਮੁਹੰਮਦ ਰਾਮ ਗੜ੍ਹੀਆ ਅਤੇ ਕਨ੍ਹਈਆ ਮਿਸਲਾਂ ਤੋਂ

---

*[1] ਅਸਲ ਵਿੱਚ ਉਹ ਬਹੁਤ ਵਿਦਵਾਨ, ਗਿਆਨੀ ਤੇ ਮੋਮਨ ਮਰਦੇ ਖ਼ੁਦਾ ਸੀ।*

*[2] ਅਰਬੀ ਭਾਸ਼ਾ ਵਿਚ 'ਜ਼ੁਆਦ' ਅੱਖਰ ਦਾ ਉੱਚਾਰਣ 'ਦ' ਦੇ ਰੂਪ ਵਿੱਚ ਵੀ ਹੁੰਦਾ ਹੈ ਇਸ ਲਈ ਪੰਜਾਬੀ ਲੋਕ 'ਜ਼ੁਆਦ' ਨੂੰ 'ਦ' ਵੀ ਬੋਲਦੇ ਹਨ ਇਸ ਲਈ ਇਸਲਾਮਪੁਰ ਕਾਜ਼ੀਆਂ ਦਾ ਨਾਂ ਕੇਵਲ ਕਾਜ਼ੀਆਂ ਅਰਥਾਤ 'ਕਾਦੀਆਂ' ਬਣ ਗਿਆ ਅਤੇ ਇਸਲਾਮਪੁਰ ਬਿਲਕੁਲ ਖ਼ਤਮ ਹੋ ਗਿਆ।*

ਜਿਨ੍ਹਾਂ ਦੇ ਕਬਜ਼ੇ ਵਿੱਚ ਕਾਦੀਆਂ ਦੇ ਆਲੇ ਦੁਆਲੇ ਦਾ ਖੇਤਰ ਸੀ ਹਮੇਸ਼ਾ ਲੜਦੇ ਰਹੇ । ਅੰਤ ਵਿੱਚ ਆਪਣੀ ਸਾਰੀ ਜਾਗੀਰ ਗੁਆ ਕੇ ਅਤਾ ਮੁਹੰਮਦ ਬੇਗੋਵਾਲ ਵਿੱਚ ਸਰਦਾਰ ਫ਼ਤੇਹ ਸਿੰਘ ਆਹਲੂਵਾਲੀਆ ਦੀ ਪਨਾਹ ਵਿੱਚ ਚਲਾ ਗਿਆ ਅਤੇ ਬਾਰ੍ਹਾਂ ਵਰ੍ਹਿਆਂ ਤੱਕ ਅਮਨ ਨਾਲ ਜੀਵਨ ਬਤੀਤ ਕੀਤਾ । ਉਸ ਦੀ ਮੌਤ ਮਗਰੋਂ ਰਣਜੀਤ ਸਿੰਘ ਨੇ ਜੋ ਰਾਮ ਗੜ੍ਹੀਆ ਮਿਸਲ ਦੀ ਸਾਰੀ ਜਾਗੀਰ 'ਤੇ ਕਾਬਜ਼ ਹੋ ਗਿਆ ਸੀ, ਗੁਲਾਮ ਮੁਰਤਜ਼ਾ ਨੂੰ ਕਾਦੀਆਂ ਵਾਪਸ ਬੁਲਾ ਲਿਆ ਅਤੇ ਉਸ ਦੀ ਜੱਦੀ ਜਾਗੀਰ ਦਾ ਇਕ ਵੱਡਾ ਭਾਗ ਵਾਪਸ ਦੇ ਦਿੱਤਾ । ਇਸ 'ਤੇ ਗ਼ੁਲਾਮ ਮੁਰਤਜ਼ਾ ਆਪਣੇ ਭਰਾਵਾਂ ਸਣੇ ਮਹਾਰਾਜਾ ਦੀ ਫ਼ੌਜ ਵਿੱਚ ਭਰਤੀ ਹੋ ਗਏ ਅਤੇ ਕਸ਼ਮੀਰ ਦੀ ਸੀਮਾ ਅਤੇ ਹੋਰ ਕਈ ਸਥਾਨਾ 'ਤੇ ਬਹੁਤ ਚੰਗੇ ਸਨਮਾਨ ਯੋਗ ਕਾਰਜ ਕੀਤੇ । ਨੌਨਿਹਾਲ ਸਿੰਘ, ਸ਼ੇਰ ਸਿੰਘ ਅਤੇ ਦਰਬਾਰੇ ਲਾਹੌਰ ਦੇ ਰਾਜਕਾਲ ਵਿੱਚ ਗ਼ੁਲਾਮ ਮੁਰਤਜ਼ਾ ਹਮੇਸ਼ਾ ਸੈਨਿਕ ਸੇਵਾ ਉਤੇ ਨਿਯੁਕਤ ਰਹੇ । ਸਨ 1841 ਈ. ਵਿੱਚ ਇਹ ਜਰਨੈਲ ਵਨਚੁਰਾ ਨਾਲ ਮੰਡੀ ਅਤੇ ਕੁੱਲੂ ਵੱਲ ਭੇਜੇ ਗਏ ਅਤੇ 1843 ਈ. ਵਿੱਚ ਇਕ ਪੈਦਲ ਫ਼ੌਜ ਦਾ ਕਮਾਂਡਰ ਬਣਾਕੇ ਪਸ਼ਾਵਰ ਭੇਜੇ ਗਏ । 'ਹਜ਼ਾਰਾ' ਦੇ ਫ਼ਸਾਦਾਂ ਵਿੱਚ ਉਸਨੇ ਚੰਗੇ ਕਾਰਨਾਮੇ ਕੀਤੇ ਅਤੇ ਜਦ 1848 ਈ. ਦੀ ਬਗ਼ਾਵਤ ਹੋਈ ਤਾਂ ਇਹ ਆਪਣੀ ਸਰਕਾਰ ਦਾ ਨਮਕ-ਹਲਾਲ ਰਿਹਾ ਅਤੇ ਉਸ ਵੱਲੋ ਲੜਿਆ । ਇਸ ਮੌਕੇ ਤੇ ਉਸਦੇ ਭਰਾ ਗ਼ੁਲਾਮ ਮੁਹੀਉਂਦੀਨ ਨੇ ਵੀ ਚੰਗੀ ਸੇਵਾ ਕੀਤੀ । ਜਦ ਭਾਈ ਮਹਾਰਾਜ ਸਿੰਘ ਆਪਣੀ ਫ਼ੌਜ ਲਈ ਦੀਵਾਨ ਮੂਲਰਾਜ ਦੀ ਸਹਾਇਤਾ ਲਈ ਮੁਲਤਾਨ ਵੱਲ ਜਾ ਰਿਹਾ ਸੀ ਤਾਂ ਗ਼ੁਲਾਮ ਮੁਹੀਉਂਦੀਨ ਅਤੇ ਦੂਸਰੇ ਜਗੀਰਦਾਰਾਂ ਲੰਗਰ ਖਾਨ ਸਾਹੀਵਾਲ ਅਤੇ ਸਾਹਬ ਖਾਨ ਟਵਾਨਾ ਨੇ ਮੁਸਲਮਾਨਾਂ ਨੂੰ ਭੜਕਾਇਆ ਅਤੇ ਮਿਸਰ ਸਾਹਬ ਦਿਆਲ ਦੀ ਸੇਨਾ ਨਾਲ ਬਾਗ਼ੀਆਂ ਨਾਲ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਹਾਰ ਦਿੱਤੀ । ਉਨ੍ਹਾਂ ਨੂੰ ਦਰਿਆਏ ਚਨਾਬ ਤੋਂ ਬਿਨਾਂ ਕਿਸੇ ਹੋਰ ਪਾਸੇ ਭੱਜਣ ਦਾ ਰਾਹ ਨਹੀਂ ਸੀ ਜਿੱਥੇ ਛੇ ਸੌ ਤੋਂ ਵੱਧ ਬੰਦੇ ਡੁੱਬ ਕੇ ਮਰ ਗਏ ।

ਅਲਹਾਕ (ਪੰਜਾਬ ਦਾ ਅੰਗਰੇਜ਼ੀ ਰਾਜ ਵਿੱਚ ਰਲਣ ਸਮੇਂ) ਦੇ ਅਵਸਰ ਤੇ ਇਸ ਪਰਿਵਾਰ ਦੀ ਜਾਗੀਰ ਜ਼ਬਤ ਕਰ ਲਈ ਗਈ ਪਰ 700 ਰੁਪਏ ਦੀ ਪੈਂਸ਼ਨ ਗ਼ੁਲਾਮ ਮੁਰਤਜ਼ਾ ਅਤੇ ਉਸਦੇ ਭਰਾਵਾਂ ਨੂੰ ਦਿੱਤੀ ਗਈ ਅਤੇ ਕਾਦੀਆਂ ਤੇ ਉਸਦੇ ਆਲੇ-ਦੁਆਲੇ ਦੇ ਪਿੰਡਾ 'ਤੇ ਉਨ੍ਹਾਂ ਦਾ ਅਧਿਕਾਰ ਰਿਹਾ ।

ਇਸ ਪਰਿਵਾਰ ਨੇ 1857 ਈ. ਦੇ ਗਦਰ ਸਮੇਂ ਚੰਗੀ ਸੇਵਾਵਾਂ ਕੀਤੀਆਂ । ਗ਼ੁਲਾਮ ਮੁਰਤਜ਼ਾ ਨੇ ਬਹੁਤ ਸਾਰੇ ਆਦਮੀ ਭਰਤੀ ਕੀਤੇ ਅਤੇ ਉਸ ਦਾ ਪੁੱਤਰ ਗ਼ੁਲਾਮ ਕਾਦਰ ਜਰਨੈਲ ਨਿਕਲਸਨ ਸਾਹਬ ਬਹਾਦੁਰ ਦੀ ਫ਼ੌਜ ਵਿੱਚ ਉਸ ਸਮੇਂ

ਸੀ ਜਦ ਉਸਨੇ ਤਿਰੀਮੂ ਘਾਟ 'ਤੇ 46 ਨੇਟੂ ਇਨਫੈਂਟਰੀ ਦੇ ਬਾਗੀਆਂ ਨੂੰ ਜੋ ਸਿਆਲਕੋਟ ਤੋਂ ਭੱਜੇ ਸਨ ਮੌਤ ਦੇ ਘਾਟ ਉਤਾਰ ਦਿੱਤਾ। ਜਨਰਲ ਨਿਕਲਸਨ ਸਾਹਬ ਬਹਾਦੁਰ ਨੇ ਗ਼ੁਲਾਮ ਕਾਦਰ ਨੂੰ ਇਕ ਪ੍ਰਮਾਣ ਪਤੱਰ ਦਿੱਤਾ ਜਿਸ ਵਿੱਚ ਲਿੱਖਿਆ ਹੈ ਕਿ ਸਨ 1857 ਈ. ਵਿੱਚ ਕਾਦੀਆਂ ਦਾ ਪਰਿਵਾਰ ਜ਼ਿਲਾ ਗੁਰਦਾਸਪੁਰ ਦੇ ਸਾਰੇ ਹੋਰਨਾ ਪਰਿਵਾਰਾਂ ਤੋਂ ਵੱਧ ਨਮਕ ਹਲਾਲ ਰਿਹਾ।

ਗ਼ੁਲਾਮ ਮੁਰਤਜ਼ਾ ਜੋ ਇਕ ਕਾਬਲ ਹਕੀਮ ਸੀ, 1876 ਈ. ਵਿੱਚ ਉਸਦੀ ਮੌਤ ਹੋਈ ਅਤੇ ਉਸ ਦਾ ਪੁੱਤਰ ਗ਼ੁਲਾਮ ਕਾਦਰ ਉਸ ਦਾ ਉਤਰਾਧਿਕਾਰੀ ਬਣਿਆ। ਗ਼ੁਲਾਮ ਕਾਦਰ ਸਹਾਇਤਾ ਲਈ ਹਮੇਸ਼ਾ ਤਿਆਰ ਰਹਿੰਦਾ ਸੀ ਅਤੇ ਉਸ ਕੋਲ ਉਨ੍ਹਾਂ ਅਫ਼ਸਰਾਂ ਦੇ ਜਿਨ੍ਹਾਂ ਸ਼ਾਸਨ-ਕਾਰਜਾਂ ਨਾਲ ਸੰਬੰਧ ਸੀ ਬਹੁਤ ਪ੍ਰਮਾਣ ਪਤੱਰ ਸਨ। ਉਹ ਕੁਝ ਸਮਾਂ ਗੁਰਦਾਸਪੁਰ ਵਿੱਚ ਦਫ਼ਤਰ ਜ਼ਿਲਾ ਸੁਪਰੀਡੈਂਟ ਰਿਹਾ। ਉਸ ਦਾ ਇਕਲੌਤਾ ਪੁੱਤਰ ਛੋਟੀ ਉਮਰ ਵਿੱਚ ਹੀ ਮਰ ਗਿਆ। ਅਤੇ ਉਸਨੇ ਆਪਣੇ ਭਤੀਜੇ ਸੁਲਤਾਨ ਅਹਮਦ ਨੂੰ ਗੋਦ ਲੈ ਲਿਆ ਜੋ ਗੁਲਾਮ ਕਾਦਰ ਦੀ ਮੌਤ ਮਗਰੋਂ ਅਰਥਾਤ 1883 ਈ. ਤੋਂ ਪਰਿਵਾਰ ਦਾ ਮੁੱਖੀਆ ਮਨ੍ਹਿਆ ਜਾਂਦਾ ਹੈ। ਮਿਰਜ਼ਾ ਸੁਲਤਾਨ ਅਹਿਮਦ ਨੇ ਉਪ-ਤਹਸੀਲਦਾਰੀ ਤੋਂ ਸਰਕਾਰ ਦੀ ਨੌਕਰੀ ਅਰੰਭ ਕੀਤੀ ਅਤੇ ਹੁਣ ਐਕਸਟ੍ਰਾ ਅਸਿਸਟੈਂਟ ਹੈ, ਇਹ ਕਾਦੀਆਂ ਦਾ ਨੰਬਰਦਾਰ ਵੀ ਹੈ। ਨਜ਼ਾਮੁੱਦੀਨ ਦਾ ਭਰਾ ਇਮਾਮੁੱਦੀਨ ਜਿਸਦੀ 1904 ਵਿੱਚ ਮੌਤ ਹੋਈ ਦਿੱਲੀ ਦੇ ਘੇਰੇ ਸਮੇਂ ਹਾਡਸਨ ਹਾਰਸ (ਰਸਾਲਾ) ਵਿੱਚ ਰਸਾਲਦਾਰ ਸੀ। ਉਸਦਾ ਪਿਤਾ ਗ਼ੁਲਾਮ ਮੁਹੀਉੱਦੀਨ ਤਹਸੀਲਦਾਰ ਸੀ।

ਇਹ ਵਰਨਣ ਕਰਨਾ ਜ਼ਰੂਰੀ ਹੈ ਕਿ ਗ਼ੁਲਾਮ ਅਹਮਦ ਜੋ ਗ਼ੁਲਾਮ ਮੁਰਤਜ਼ਾ ਦਾ ਛੋਟਾ ਪੁਤੱਰ ਸੀ ਮੁਸਲਮਾਨਾ ਦੇ ਇਕ ਮਸ਼ਹੂਰ ਧਾਰਮਕ ਅਹਿਮਦੀਆ ਸੰਪਰਦਾਇ ਦਾ ਬਾਨੀ ਹੋਇਆ। ਇਹ ਧਾਰਮਕ ਵਿਅਕਤੀ 1837 ਵਿੱਚ ਪੈਦਾ ਹੋਇਆ ਅਤੇ ਇਸਨੂੰ ਸਿੱਖਿਆ ਬਹੁਤ ਚੰਗੀ ਮਿਲੀ। ਸਨ 1891 ਈ. ਵਿੱਚ ਉਸਨੇ ਇਸਲਾਮੀ ਸਿੱਧਾਂਤ ਅਨੁਸਾਰ ਮਹਦੀ ਜਾਂ ਮਸੀਹ ਮੌਊਦ ਹੋਣ ਦਾ ਦਾਵਾ ਕੀਤਾ। ਕਿਉਂਕਿ ਉਹ ਇਕ ਵਿਦਵਾਨ ਅਤੇ ਮਨਤਕੀ ਸੀ ਇਸ ਲਈ ਦੇਖਦਿਆਂ ਹੀ ਦੇਖਦਿਆਂ ਬਹੁਤ ਸਾਰੇ ਲੋਕ ਇਸਦੇ ਮਨੰਣ ਵਾਲੇ ਹੋ ਗਏ ਅਤੇ ਹੁਣ ਜਮਾਤ ਅਹਿਮਦੀਆ ਦੀ ਸੰਖਿਆ ਪੰਜਾਬ ਅਤੇ ਭਾਰਤ ਦੇ ਹੋਰਨਾ ਭਾਗਾਂ ਵਿੱਚ ਤਿੰਨ ਲੱਖ ਦੱਸੀ ਜਾਂਦੀ ਹੈ। ਮਿਰਜ਼ਾ ਅਰਬੀ, ਫ਼ਾਰਸੀ ਅਤੇ ਉਰਦੂ ਦੀਆਂ ਬਹੁਤ ਸਾਰੀਆਂ ਕਿਤਾਬਾਂ ਦਾ ਲੇਖਕ ਸੀ ਜਿਨ੍ਹਾਂ ਵਿੱਚ ਉਸ ਨੇ ਜਿਹਾਦ (ਧਰਮ-ਯੁੱਧਾਂ) ਦਾ ਖੰਡਨ ਕੀਤਾ। ਅਤੇ ਇਹ ਮੱਨਿਆ ਜਾਂਦਾ ਹੈ ਕਿ ਉਹਨਾਂ ਕਿਤਾਬਾਂ ਨੇ ਮੁਨਲਮਾਨਾ ਉੱਪਰ

ਚੰਗਾ ਪ੍ਰਭਾਵ ਪਾਇਆ। ਲੰਮੇ ਸਮੇਂ ਤਕੱ ਇਹ ਬਹੁਤ ਕਠਿਨਾਈਆ ਵਿੱਚ ਰਿਹਾ ਕਿਉਂਕਿ ਧਰਮ-ਵਿਰੋਧੀਆਂ ਨਾਲ ਉਸਦੇ ਅਕਸਰ ਵਾਦ-ਵਿਵਾਦ ਅਤੇ ਮੁਕੱਦਮੇ ਰਹੇ ਪਰ ਆਪਣੀ ਮੌਤ ਤੋਂ ਪਹਿਲਾਂ ਜੋ 1908 ਈ. ਵਿੱਚ ਹੋਈ ਉਸ ਨੇ ਇਕ ਰੁਤਬਾ ਪ੍ਰਾਪਤ ਕਰ ਲਿਆ ਕਿ ਉਹ ਲੋਗ ਵੀ ਜੋ ਉਸਦੇ ਵਿਚਾਰਾਂ ਦੇ ਵਿਰੋਧੀ ਸਨ ਉਸਦਾ ਸਨਮਾਨ ਕਰਨ ਲੱਗ ਪਏ। ਇਸ ਸੰਪਰਦਾਇ ਦਾ ਕੇਂਦਰੀ ਸਥਾਨ 'ਕਾਦੀਆਨ' ਹੈ ਜਿੱਥੇ ਅੰਜੁਮਨ ਅਹਿਮਦੀਆ ਨੇ ਇਕ ਬਹੁਤ ਵੱਡਾ ਸਕੂਲ ਖੋਲਿਆ ਹੈ ਅਤੇ ਛਾਪਾ-ਖਾਨਾ ਵੀ ਹੈ ਜਿਸ ਨਾਲ ਇਸ ਸੰਪ੍ਰਦਾਇ ਨਾਲ ਸੰਬੰਧਤ ਖ਼ਬਰਾਂ ਦੀ ਘੋਸ਼ਣਾ ਕੀਤੀ ਜਾਂਦੀ ਹੈ। ਮਿਰਜ਼ਾ ਗ਼ੁਲਾਮ ਅਹਮਦ ਦਾ ਖ਼ਲੀਫ਼ਾ (ਉੱਤਰਾਧਿਕਾਰੀ) ਇਕ ਪ੍ਰਸਿਧ ਹਕੀਮ ਮੌਲਵੀ ਨੂਰੁੱਦੀਨ ਹੈ ਜੋ ਕੁਝ ਸਾਲ ਮਹਾਰਾਜਾ ਕਸ਼ਮੀਰ ਦੀ ਨੌਕਰੀ ਵਿੱਚ ਰਿਹਾ ਹੈ।

ਇਸ ਪਰਿਵਾਰ ਦਾ ਪੂਰੇ ਪਿੰਡ 'ਕਾਦੀਆਂ' ਉੱਪਰ ਜੋ ਕਿ ਇਕ ਵੱਡਾ ਪਿੰਡ ਹੈ, 'ਤੇ ਮਾਲਕਾਨਾ ਅਧਿਕਾਰ ਹੈ ਅਤੇ ਨਾਲ ਲਗਦੇ ਤਿੰਨ ਪਿੰਡਾ ਉੱਪਰ ਵੀ ਕਨੂਨੀ ਪੱਖੋਂ ਪੰਜ ਪ੍ਰਤੀਸ਼ਤ ਅਧਿਕਾਰ ਹੈ।

# ਹਜ਼ਰਤ ਅਕਦਸ ਅਲੈਹਿਸੱਲਾਮ ਦਾ ਜਨਮ, ਬਚਪਨ ਅਤੇ ਪਿਤਾ ਦਾ ਵਰਨਣ

ਹਜ਼ਰਤ ਮਿਰਜ਼ਾ ਸਾਹਬ ਦੇ ਪਰਿਵਾਰ ਦੇ ਸੰਖੇਪ ਹਾਲਾਤ ਲਿੱਖਣ ਮਗਰੋਂ ਅਸੀਂ ਆਪਦੇ ਹਾਲਾਤ ਵਰਣਨ ਕਰਨ ਵੱਲ ਧਿਆਨ ਦਿੰਦੇ ਹਾਂ। ਜਿਵੇਂ ਕਿ ਅਰੰਭ ਵਿੱਚ ਵਰਨਣ ਕੀਤਾ ਗਿਆ ਆਪ 1836 ਜਾਂ 1837 ਈ. ਵਿੱਚ ਪੈਦਾ ਹੋਏ ਸਨ। ਜੋ ਕਿ ਆਪਦੇ ਪਿਤਾ ਜੀ ਦੀ ਉਨੱਤੀ ਦਾ ਸਮਾਂ ਸੀ ਕਿਉਂਕਿ ਉਸ ਸਮੇਂ ਉਨ੍ਹਾਂ ਨੂੰ ਜਾਗੀਰ ਦੇ ਕੁਝ ਪਿੰਡ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜੀ ਸੇਵਾ ਕਾਰਨ ਬਹੁਤ ਮਾਨ-ਸਨਮਾਨ ਪ੍ਰਾਪਤ ਸੀ। ਪਰ ਅੱਲਾਹ ਦੀ ਇੱਛਾ ਇਹ ਸੀ ਕਿ ਆਪਦਾ ਪਾਲਨ ਪੋਸ਼ਣ ਅਜੇਹੇ ਵਾਤਾਵਰਣ ਵਿੱਚ ਹੋਵੇ ਜਿੱਥੇ ਆਪਦਾ ਧਿਆਨ ਖ਼ੁਦਾ-ਤਆਲਾ ਵੱਲ ਹੋਵੇ। ਇਸੇ ਕਰਕੇ ਆਪਦੀ ਪਦਾਇਸ਼ ਦੇ ਤਿੰਨ ਹੀ ਵਰ੍ਹਿਆਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਿੱਖ ਰਾਜ ਦਾ ਪਤਨ ਹੋ ਗਿਆ। ਇਸ ਪਤਨ ਨਾਲ ਹੀ ਆਪਦੇ ਪਿਤਾ ਸਾਹਬ ਵੀ ਭਿੰਨ-ਭਿੰਨ ਚਿੰਤਾਵਾਂ ਵਿੱਚ ਪੈ ਗਏ ਅਤੇ ਪੰਜਾਬ ਦਾ ਅੰਗਰੇਜ਼ੀ ਰਾਜ ਵਿੱਚ ਰਲ ਜਾਣ ਤੇ ਉਨ੍ਹਾਂ ਦੀ ਸਾਰੀ ਜਾਗੀਰ ਜ਼ਬਤ ਹੋ ਗਈ ਅਤੇ ਹਜ਼ਾਰਾਂ ਰੁਪਏ ਖਰਚ ਕੇ ਵੀ ਉਹ ਆਪਣੀ ਜਾਗੀਰਾਂ ਵਾਪਸ ਨ ਲੈ ਸਕੇ

ਜਿਸਦਾ ਦੁੱਖ ਉਨ੍ਹਾਂ ਦੇ ਮਨ ਉੱਪਰ ਅਖੀਰੀ ਦਮ ਤਕ ਰਿਹਾ। ਹਜ਼ਰਤ ਮਿਰਜ਼ਾ ਸਾਹਬ ਆਪ ਆਪਣੀ ਇਕ ਕਿਤਾਬ ਵਿੱਚ ਲਿਖਦੇ ਹਨ ਕਿ :-

''ਮੇਰੇ ਪਿਤਾ ਜੀ ਆਪਣੀ ਅਸਫ਼ਲਤਾਵਾਂ ਕਾਰਣ ਦੁਖੀ ਤੇ ਚਿੰਤਾ ਵਿੱਚ ਰਹਿੰਦੇ ਸਨ। ਉਨ੍ਹਾਂ ਨੇ ਮੁਕੱਦਮਿਆਂ ਦੀ ਪੈਰਵੀ ਲਈ ਸੱਤਰ-ਹਜ਼ਾਰ ਦੇ ਲਗਭਗ ਰੁਪਿਆ ਖਰਚ ਕੀਤਾ ਸੀ, ਜਿਸਦਾ ਸਿੱਟਾ ਅੰਤ ਅਸਫ਼ਲਤਾ ਹੀ ਸੀ ਕਿਉਂਕਿ ਸਾਡੇ ਪੂਰਵਜਾਂ ਦੇ ਪਿੰਡ ਲੰਮੇ ਸਮੇਂ ਤੋਂ ਸਾਡੇ ਕਬਜ਼ੇ 'ਚੋਂ ਨਿਕਲ ਚੁਕੇ ਸਨ। ਉਨ੍ਹਾਂ ਦਾ ਵਾਪਸ ਆਉਣਾ ਇਕ ਝੂਠਾ ਖ਼ਿਆਲ ਸੀ। ਇਸੇ ਅਸਫ਼ਲਤਾ ਕਾਰਨ ਮੇਰੇ ਪਿਤਾ ਜੀ ਬਹੁਤ ਗ਼ਮ ਤੇ ਦੁਖੀ ਅਤੇ ਬੇਚੈਨੀ ਵਿੱਚ ਜੀਵਨ ਬਤੀਤ ਕਰਦੇ ਸਨ ਅਤੇ ਮੈਨੂੰ ਉਸ ਅਵਸਥਾ ਨੂੰ ਦੇਖਕੇ ਇਕ ਪਵਿੱਤਰ ਤਬਦੀਲੀ ਪੈਦਾ ਕਰਨ ਦਾ ਮੌਕਾ ਮਿਲਦਾ ਸੀ, ਕਿਉਂਕਿ ਪਿਤਾ ਜੀ ਦਾ ਕਠਨ ਜੀਵਨ ਮੈਨੂੰ ਉਸ ਨਿਸ਼ਕਾਮ ਸੇਵਾ ਦੇ ਜੀਵਨ ਦਾ ਸਬਕ ਦਿੰਦਾ ਸੀ ਜੋ ਸੰਸਾਰਕ ਨਫ਼ਰਤਾਂ ਤੋਂ ਪਾਕ ਹੈ। ਭਾਵੇਂ, ਹਜ਼ਰਤ ਮਿਰਜ਼ਾ ਸਾਹਬ ਦੇ ਕੁਝ ਪਿੰਡਾ 'ਤੇ ਅਧਿਕਾਰ ਬਾਕੀ ਸੀ ਅਤੇ ਅੰਗ੍ਰੇਜ਼ੀ ਸਰਕਾਰ ਵੱਲੋਂ ਕੁਝ ਇਨਾਮ ਸਾਲਾਨਾ ਵੀ ਲੱਗਾ ਹੋਇਆ ਸੀ ਅਤੇ ਨੌਕਰੀ ਦੇ ਦਿਨਾਂ ਦੀ ਪੈਂਸ਼ਨ ਵੀ ਸੀ, ਪਰ ਜੋ ਕੁਝ ਉਹ ਦੇਖ ਚੁਕੇ ਸਨ ਇਸ ਪੱਖੋਂ ਉਹ ਸਭ ਕੁਝ ਬਹੁਤ ਘੱਟ ਸੀ। ਇਸੇ ਕਾਰਨ ਉਹ ਹਮੇਸ਼ਾ ਦੁਖੀ, ਪਰੇਸ਼ਾਨ ਅਤੇ ਚਿੰਤਤ ਰਹਿੰਦੇ ਸਨ ਕਿ ਜਿੰਨ੍ਹੇ ਜਤਨ ਮੈਂ ਇਸ ਅਪਵਿੱਤਰ ਸੰਸਾਰ ਲਈ ਕੀਤੇ ਹਨ ਜੇਕਰ ਉਹ ਜਤਨ ਮੈਂ ਧਰਮ ਲਈ ਕੀਤੇ ਹੁੰਦੇ ਤਾਂ ਅੱਜ ਸ਼ਾਇਦ 'ਕੁਤਬੇ ਵਕਤ ਜਾਂ ਗ਼ੌਸੇ ਵਕਤ' ਹੁੰਦਾ। ਅਤੇ ਆਮ ਕਰਕੇ ਇਹ ਸ਼ੇਅਰ ਪੜ੍ਹਿਆ ਕਰਦੇ ਸਨ।

ਉਮਰ ਬਗੁਜ਼ਸ਼ਤ ਨਮਾਨਦ ਅਸਤ ਜੁਜ਼ ਅੱਯਾਮੇ ਚੰਦ ।
ਬ ਕਿ ਦਰ ਯਾਦ ਕਿਸੇ ਸੁਬਹ ਕੁਨਮ ਸ਼ਾਮੇ ਚੰਦ ॥

ਅਤੇ ਮੈਂ ਕਈ ਵਾਰ ਦੇਖਿਆ ਕਿ ਆਪਣਾ ਬਣਾਇਆ ਹੋਇਆ ਸ਼ੇਅਰ ਉਹ ਰੋ ਕੇ ਪੜ੍ਹਿਆ ਕਰਦੇ, ਉਹ ਇਹ ਹੈ।

ਅਜ਼ਦਰੇ ਤੋ ਐ ਕਸੇ ਹਰ ਬੇ ਕਸੇ ।
ਨੇਸਤ ਉਮੀਦਮ ਕਿ ਬਰਦਮ ਨਾ ਉਮੀਦ ॥

ਅਤੇ ਕਦੇ ਉਹ ਦਰਦੇ ਦਿਲ ਨਾਲ ਆਪਣਾ ਇਹ ਸ਼ੇਅਰ ਪੜ੍ਹਦੇ:

ਬ-ਆਬ ਦੀਦਾਏ ਉਸ਼ੱਾਕ ਵ ਖ਼ਾਕਪਾਏ ਕਸੇ ।
ਮੁਰਾਦੇ ਅਸਤ ਕਿ ਦਰਖ਼ੂੰ ਤਪਦ ਬਜਾਏ ਕਸੇ ॥

ਹਜ਼ਰਤੇ ਇੱਜ਼ਤ ਜੱਲਾ ਸ਼ਾਨਾਹੂ (ਪਰਮਾਤਮਾ) ਸਾਹਮਣੇ ਖਾਲੀ ਹੱਥ ਜਾਣ ਦੀ ਹਸਰਤ ਦਿਨੋ-ਦਿਨ ਅਖੀਰੀ ਉਮਰ ਵਿੱਚ ਭਾਰੀ ਹੁੰਦੀ ਗਈ। ਅਨੇਕਾਂ ਵਾਰ

ਬੜੇ ਹੀ ਪਛਤਾਵੇ ਨਾਲ ਕਿਹਾ ਕਰਦੇ ਸਨ ਕਿ ਸੰਸਾਰ ਦੀਆਂ ਵਿਅਰਥ ਚਿੰਤਾਵਾਂ ਲਈ ਮੈਂ ਆਪਣੀ ਉਮਰ ਨਾਹਕ ਹੀ ਬਰਬਾਦ ਕਰ ਦਿੱਤੀ।

## ਬਚਪਨ ਵਿੱਚ ਹੀ ਅੱਲਾਹ ਦੀ ਭਗਤੀ ਦਾ ਸ਼ੌਕ

ਇਸ ਤਹਰੀਰ ਤੋਂ ਜੋ ਹਜ਼ਰਤ ਮਿਰਜ਼ਾ ਸਾਹਬ ਨੇ ਆਪਣੇ ਪਿਤਾ ਜੀ ਦੀ ਇਸ ਅਵਸਥਾ ਬਾਰੇ ਲਿਖੀ ਹੈ ਜਿਸ ਵਿੱਚ ਆਪਦੇ ਬਚਪਨ ਅਤੇ ਜਵਾਨੀ ਦੇ ਸਮੇਂ ਤੋਂ ਪਤਾ ਲਗਦਾ ਹੈ ਕਿ ਖ਼ੁਦਾ-ਤਆਲਾ ਨੇ ਅਜੇਹੇ ਰੰਗ ਵਿੱਚ ਆਪਦੀ ਪਾਲਣਾ ਕੀਤੀ ਸੀ ਕਿ ਸੰਸਾਰਕ ਪ੍ਰੇਮ ਆਪਦੇ ਦਿਲ ਵਿੱਚ ਪੈਦਾ ਹੀ ਨਾ ਹੋਵੇ। ਇਸ ਵਿੱਚ ਕੋਈ ਸ਼ਕ ਨਹੀਂ ਕਿ ਆਪਦੇ ਪਿਤਾ ਅਤੇ ਵੱਡੇ ਭਾਈ ਦੀ ਸੰਸਾਰਕ ਦਸ਼ਾ ਉਸ ਸਮੇਂ ਵੀ ਅਜੇਹੀ ਸੀ ਕਿ ਉਹ ਸੰਸਾਰਕ ਪੱਖੋਂ ਆਦਰਣੀ ਅਤੇ ਧਨਵਾਨ ਅਖਵਾਉਂਦੇ ਸਨ। ਅਤੇ ਅਧਿਕਾਰੀ ਉਨ੍ਹਾਂ ਦਾ ਸਤਿਕਾਰ ਕਰਦੇ ਤੇ ਆਗਿਆ ਮਨਦੇ ਸਨ, ਪਰ ਫ਼ਿਰ ਵੀ ਉਨ੍ਹਾਂ ਦਾ ਸੰਸਾਰ ਪਿੱਛੇ ਪੈਣਾ ਅਤੇ ਆਪਣੀ ਸਾਰੀ ਉਮਰ ਉਸਨੂੰ ਹਾਸਲ ਕਰਨ ਲਈ ਖਰਚ ਕਰ ਦੇਣਾ, ਪਰ ਫ਼ਿਰ ਵੀ ਉਸਦਾ ਇਸ ਹਦ ਤਕ ਨਾ ਹਾਸਲ ਹੋਣਾ, ਜਿਸ ਹਦ ਤੱਕ ਉਹ ਇਸ 'ਤੇ ਪਰਿਵਾਰਕ ਅਧਿਕਾਰ ਸਮਝਦੇ ਸਨ। ਇਸ ਪਾਕ ਦਿਲ ਨੂੰ ਜੋ ਆਪਣੇ ਅੰਦਰ ਕਿਸੇ ਪ੍ਰਕਾਰ ਦੀ ਮੈਲ ਨਹੀਂ ਰਖਦਾ ਸੀ ਇਹ ਦਸ ਦੇਣ ਲਈ ਕਾਫ਼ੀ ਸੀ ਕਿ ਸੰਸਾਰ ਕੁਝ ਦਿਨਾਂ ਦਾ ਹੈ ਅਤੇ ਅੰਤ ਵਿੱਚ ਖ਼ੁਦਾ ਨਾਲ ਮਾਮਲਾ ਹੋਵੇਗਾ। ਉਸ ਨੇ ਆਪਣੇ ਬਚਪਨ ਦੀ ਉਮਰ ਤੋਂ ਹੀ ਇਸ ਪਾਠ ਨੂੰ ਅਜੇਹਾ ਯਾਦ ਕੀਤਾ ਕਿ ਆਪਣੀ ਮੌਤ ਤੱਕ ਨ ਭੁੱਲਿਆ। ਅਤੇ ਦੁਨੀਆ ਭਾਂਤ-ਭਾਂਤ ਦੇ ਰੂਪਾ ਵਿੱਚ ਸੁੰਦਰ ਵਸਤਰਾਂ ਵਿੱਚ ਉਸਦੇ ਸਾਹਮਣੇ ਆਈ ਅਤੇ ਉਸ ਨੂੰ ਆਪਣੇ ਮਾਰਗ ਤੋਂ ਹੱਟਾ ਦੇਣ ਦੇ ਜਤਨ ਕੀਤੇ ਪਰ ਉਹ ਕਦੇ ਵੀ ਇਸ ਵਲ ਆਕ੍ਰਸ਼ਤ ਨਹੀਂ ਹੋਇਆ ਅਤੇ ਇਸਤੋਂ ਅਜੇਹਾ ਵੱਖ ਹੋਇਆ ਕਿ ਮੁੜ ਇਸ ਤੋਂ ਕਦੇ ਨਹੀਂ ਮਿਲਿਆ।

ਮਿਰਜ਼ਾ ਸਾਹਬ ਨੂੰ ਆਪਣੇ ਬਚਪਨ ਦੀ ਉਮਰ ਤੋਂ ਹੀ ਆਪਣੇ ਪਿਤਾ ਜੀ ਦੇ ਜੀਵਨ ਦਾ ਤਲਖ਼ (ਕੌੜਾ) ਨਮੂਨਾ ਵੇਖਣ ਦਾ ਮੌਕਾ ਮਿਲਿਆ ਕਿ ਦੁਨੀਆ ਤੋਂ ਆਪਦਾ ਮਨ ਸਰਦ (ਉਚਾਟ) ਹੋ ਗਿਆ। ਅਤੇ ਜਦ ਆਪ ਬਹੁਤ ਛੋਟੇ ਬੱਚੇ ਹੀ ਸਨ ਉਦੋਂ ਵੀ ਆਪਦੀਆਂ ਸਾਰੀਆਂ ਇਛੱਾਵਾਂ ਅੱਲਾਹ ਦੀ ਰਜ਼ਾ ਵਿੱਚ ਲੱਗੀਆਂ ਰਹਿੰਦੀਆ ਸਨ। ਆਪਦੀ ਜੀਵਨੀ ਦੇ ਲੇਖਕ ਸ਼ੇਖ ਯਾਕੂਬ ਅਲੀ ਸਾਹਬ (ਰ.ਅ.) ਆਪਦੇ ਜੀਵਨ ਵਿੱਚ ਇਕ ਅਜੀਬ ਘਟਣਾ ਜੋ ਆਪਦੇ ਬਚਪਨੇ ਸੰਬੰਧੀ ਹੈ ਲਿਖਦੇ ਹਨ ਕਿ ਜਦ ਆਪ ਦੀ ਉਮਰ ਬਹੁਤ ਛੋਟੀ ਸੀ ਉਸ ਸਮੇਂ ਆਪ

ਆਪਣੀ ਹੀ ਉਮਰ ਦੀ ਇਕ ਲੜਕੀ ਨੂੰ ਜਿਸ ਨਾਲ ਮਗਰੋਂ ਆਪਦਾ ਵਿਆਹ ਵੀ ਹੋ ਗਿਆ ਸੀ ਕਿਹਾ ਕਰਦੇ ਸਨ ਕਿ :-

*"ਨਾ-ਮੁਰਾਦੇ ਦੁਆ ਕਰਿਆ ਕਰ ਕਿ ਖੁਦਾ ਮੇਰੇ ਨਮਾਜ਼ ਨਸੀਬ ਕਰੇ।"*

ਇਸ ਵਾਕ ਤੋਂ ਜੋ ਬਚਪਨ ਦੀ ਉਮਰ ਦਾ ਹੈ ਪਤਾ ਲਗਦਾ ਹੈ ਕਿ ਬਹੁਤ ਨਿੱਕਿਆਂ ਹੁੰਦਿਆਂ ਹੀ ਆਪਦੇ ਦਿਲ ਵਿੱਚ ਕਿਸ ਪ੍ਰਕਾਰ ਦੇ ਜਜ਼ਬੇ ਸਨ ਅਤੇ ਆਪਦੀਆਂ ਇੱਛਾਵਾਂ ਦਾ ਕੇਂਦਰ ਕਿਵੇਂ ਖੁਦਾ ਹੀ ਖੁਦਾ ਹੋ ਰਿਹਾ ਸੀ ਅਤੇ ਨਾਲ ਹੀ ਉਸ ਪ੍ਰਤਿਭਾ ਦਾ ਪਤਾ ਲਗਦਾ ਹੈ ਜੋ ਬਚਪਨ ਦੀ ਉਮਰ ਤੋਂ ਆਪ ਦੇ ਅੰਦਰ ਪੈਦਾ ਹੋ ਗਈ ਸੀ। ਕਿਉਂਕਿ ਇਸ ਵਾਕ ਤੋਂ ਪਤਾ ਲਗਦਾਹੈ ਕਿ ਇਸ ਸਮੇਂ ਵੀ ਆਪ ਸਾਰੀਆਂ ਇੱਛਾਵਾਂ ਨੂੰ ਪੂਰਾ ਕਰਨ ਵਾਲਾ ਖੁਦਾ ਤਆਲਾ ਨੂੰ ਹੀ ਸਮਝਦੇ ਸਨ ਅਤੇ ਇਬਾਦਤ (ਭਗਤੀ) ਦੀ ਸ਼ਕਤੀ ਦੇਣਾ ਵੀ ਉਸੇ ਦੇ ਅਧਿਕਾਰ ਵਿੱਚ ਸਮਝਦੇ ਸਨ। ਨਮਾਜ਼ ਪੜ੍ਹਨ ਦੀ ਇੱਛਾ ਕਰਨਾ ਅਤੇ ਇੱਛਾ ਨੂੰ ਪੂਰਾ ਕਰਨ ਵਾਲਾ ਖ਼ੁਦਾ-ਤਆਲਾ ਨੂੰ ਹੀ ਮਨਣਾ ਅਤੇ ਫਿਰ ਇਸ ਘਰ ਵਿੱਚ ਪਲ ਕੇ ਜਿਸਦੇ ਛੋਟੇ-ਵੱਡੇ ਦੁਨੀਆ ਨੂੰ ਹੀ ਆਪਣਾ ਖ਼ੁਦਾ ਸਮਝ ਰਹੇ ਸਨ, ਇਕ ਅਜੇਹੀ ਗਲ ਹੈ ਜੋ ਸਿਵਾਏ ਕਿਸੇ ਅਜੇਹੇ ਦਿਲ ਦੇ ਜੋ ਦੁਨੀਆ ਦੀ ਮਿਲਾਵਟ ਤੋਂ ਹਰ ਪੱਖੋਂ ਪਾਕ ਹੋਵੇ ਅਤੇ ਸੰਸਾਰ ਵਿੱਚ ਮਹਾਨ ਪਰਿਵਰਤਨ ਪੈਦਾ ਕਰ ਦੇਣ ਲਈ ਖ਼ੁਦਾ ਤਆਲਾ ਤੋਂ ਸਮਰਥਨ ਪ੍ਰਾਪਤ ਹੋਵੇ ਨਹੀਂ ਨਿਕਲ ਸਕਦੀ।

## ਸਿੱਖਿਆ ਪ੍ਰਾਪਤੀ ਦਾ ਸਮਾਂ

ਜਿਸ ਸਮੇਂ ਆਪ ਪੈਦਾ ਹੋਏ ਉਹ ਸਮਾਂ ਅਤਿਅੰਤ ਅਗਿਆਨਤਾ ਦਾ ਸੀ। ਅਤੇ ਲੋਕਾਂ ਦਾ ਸਿੱਖਿਆ ਵਲ ਬਹੁਤ ਘੱਟ ਧਿਆਨ ਸੀ। ਅਤੇ ਸਿੱਖਾਂ ਦੇ ਸਮੇਂ ਦੀ ਗੱਲ ਤਾਂ ਇੱਥੋਂ ਤਕ ਪ੍ਰਸਿੱਧ ਸੀ ਕਿ ਜੇ ਕਰ ਕਿਸੇ ਦੇ ਨਾਂ ਕਿਸੇ ਮਿੱਤਰ ਦਾ ਕੋਈ ਪੱਤਰ ਆ ਜਾਂਦਾ ਤਾਂ ਉਸਦੇ ਪੜ੍ਹਾਉਣ ਲਈ ਉਸਨੂੰ ਬਹੁਤ ਜਤਨ ਅਤੇ ਮਿਹਨਤ ਕਰਨੀ ਪੈਂਦੀ ਸੀ ਅਤੇ ਕਈ ਵਾਰੀ ਲੰਮੇ ਸਮੇਂ ਤੱਕ ਚਿੱਠੀ ਪਈ ਰਹਿੰਦੀ ਅਤੇ ਬਹੁਤ ਸਾਰੇ ਧਨਵਾਨ ਬਿਲਕੁਲ ਅਨਪੜ੍ਹ ਸਨ। ਪਰ ਕਿਉਂਕਿ ਖ਼ੁਦਾ ਤਆਲਾ ਨੇ ਆਪ ਤੋਂ ਬਹੁਤ ਵੱਡਾ ਕੰਮ ਲੈਣਾ ਸੀ ਇਸ ਲਈ ਆਪਦੀ ਸਿੱਖਿਆ ਦਾ ਉਸਨੇ ਆਪਦੇ ਪਿਤਾ ਜੀ ਦੇ ਮਨ ਵਿੱਚ ਸ਼ੌਕ ਪੈਦਾ ਕਰ ਦਿੱਤਾ। ਇਹਨਾਂ ਸੰਸਾਰਕ ਚਿੰਤਾਵਾ ਦੇ ਹੁੰਦਿਆ ਹੋਇਆ ਵੀ ਜਿਹਨਾ ਵਿੱਚ ਉਹ ਫਸੇ ਹੋਏ ਸੀ ਉਹਨਾਂ ਨੇ ਇਸ ਅਗਿਆਨਤਾ ਦੇ ਸਮੇਂ ਵਿੱਚ

ਵੀ ਆਪਣੀ ਸੰਤਾਨ ਨੂੰ ਉਸ ਸਮੇਂ ਅਨੁਸਾਰ ਉਚਿਤ ਸਿੱਖਿਆ ਦਿਵਾਉਣ ਵਿੱਚ ਲਾਪਰਵਾਹੀ ਨਹੀਂ ਕੀਤੀ । ਜਦ ਆਪ ਅਜੇ ਬੱਚੇ ਹੀ ਸਨ ਤਾਂ ਆਪ ਦੇ ਪਿਤਾ ਨੇ ਇਕ ਅਧਿਆਪਕ ਆਪ ਦੀ ਸਿੱਖਿਆ ਲਈ ਰੱਖਿਆ ਜਿਸਦਾ ਨਾਂ ਫ਼ਜ਼ਲ ਇਲਾਹੀ ਸੀ । ਉਨ੍ਹਾਂ ਤੋਂ ਮਿਰਜ਼ਾ ਸਾਹਿਬ ਨੇ ਕੁਰਆਨ ਮਜੀਦ ਅਤੇ ਫ਼ਾਰਸੀ ਦੀਆਂ ਕੁਝ ਕਿਤਾਬਾਂ ਪੜ੍ਹੀਆਂ । ਇਸ ਮਗ਼ਰੋਂ ਦਸ ਸਾਲ ਦੀ ਉਮਰ ਵਿੱਚ ਫ਼ਜ਼ਲ ਅਹਿਮਦ ਨਾਂ ਦੇ ਇਕ ਅਧਿਆਪਕ ਮੁਲਾਜ਼ਮ ਰੱਖੇ ਗਏ ਇਹ ਅਧਿਆਪਕ ਬਹੁਤ ਨੇਕ ਅਤੇ ਧਾਰਮਕ ਵਿਅਕਤੀ ਸਨ । ਜਿਵੇਂ ਕਿ ਹਜ਼ਰਤ ਮਿਰਜ਼ਾ ਸਾਹਬ ਆਪ ਫ਼ਰਮਾਉਂਦੇ ਹਨ ਕਿ ਆਪਨੂੰ ਬਹੁਤ ਮਿਹਨਤ ਅਤੇ ਪਿਆਰ ਨਾਲ ਸਿੱਖਿਆ ਦਿੰਦੇ ਸਨ । ਇਸ ਅਧਿਆਪਕ ਤੋਂ ਹਜ਼ਰਤ ਸਾਹਬ ਨੇ ਅਰਬੀ ਵਿਆਕਰਣ ਦੀਆਂ ਕੁਝ ਕਿਤਾਬਾਂ ਪੜ੍ਹੀਆਂ । ਇਸ ਮਗਰੋਂ ਸਤਾਰ੍ਹਾਂ-ਅਠਾਰ੍ਹਾਂ ਵਰ੍ਹਿਆਂ ਦੀ ਉਮਰ ਵਿੱਚ ਮੌਲਵੀ ਗੁਲ ਅਲੀ ਸ਼ਾਹ ਆਪ ਦੀ ਵਿਦਿਆ ਲਈ ਅਧਿਆਪਕ ਰੱਖੇ ਗਏ, ਇਹਨਾਂ ਤੋਂ ਵਿਆਕਰਣ, ਤਰਕ ਸ਼ਾਸਤਰ ਤੇ ਵਿਗਿਆਨ ਦੀਆਂ ਕੁਝ ਕਿਤਾਬਾਂ ਪੜ੍ਹੀਆਂ ਅਤੇ ਹਕੀਮੀ ਦੀਆਂ ਕੁਝ ਕਿਤਾਬਾਂ ਆਪਣੇ ਪਿਤਾ ਜੀ ਕੋਲੋਂ ਪੜ੍ਹੀਆਂ ਜੋ ਇਕ ਬਹੁਤ ਤਜਰਬਾਕਾਰ ਹਕੀਮ ਸਨ । ਇਹ ਵਿਦਿਆ ਉਸ ਸਮੇਂ ਅਨੁਸਾਰ ਬਹੁਤ ਵੱਡੀ ਸਿੱਖਿਆ ਸੀ, ਪਰ ਅਸਲ ਵਿੱਚ ਉਸ ਕੰਮ ਦੇ ਟਾਕਰੇ ਵਿੱਚ ਜੋ ਆਪਨੇ ਕਰਨਾ ਸੀ ਕੁਝ ਵੀ ਨਹੀਂ ਸੀ । ਕਿਉਂਕਿ ਅਸੀਂ ਕੁਝ ਉਹ ਵਿਅਕਤੀ ਦੇਖੇ ਹਨ ਜੋ ਆਪਜੀ ਨਾਲ ਉਨ੍ਹਾਂ ਅਧਿਆਪਕਾਂ ਨਾਲ ਪੜ੍ਹਦੇ ਸਨ ਜਿਨ੍ਹਾਂ ਨੂੰ ਆਪਦੇ ਪਿਤਾ ਸਾਹਬ ਨੇ ਆਪਦੀ ਸਿੱਖਿਆ ਲਈ ਰੱਖਿਆ ਸੀ ਅਤੇ ਬਹੁਤ ਘੱਟ ਬੁੱਧੀ ਦੇ ਸਨ । ਅਤੇ ਉਹਨਾਂ ਨੂੰ ਇਕ ਸਾਧਾਰਣ ਪੜ੍ਹੇ ਲਿਖੇ ਵਿਅਕਤੀ ਤੋਂ ਵੱਧ ਸਥਾਨ ਨਹੀਂ ਦਿੱਤਾ ਜਾ ਸਕਦਾ ਅਤੇ ਜੋ ਵਿਅਕਤੀ ਆਪਦੀ ਸਿੱਖਿਆ ਲਈ ਅਧਿਆਪਕ ਰੱਖੇ ਗਏ ਸਨ ਉਹ ਵੀ ਕੋਈ ਵੱਡੇ ਗਿਆਨੀ ਜਾਂ ਵਿਦਵਾਨ ਨਹੀਂ ਸਨ ਕਿਉਂਕਿ ਉਸ ਸਮੇਂ ਸਿੱਖਿਆ ਬਿਲਕੁਲ ਘੱਟ ਸੀ ਅਤੇ ਫ਼ਾਰਸੀ ਤੇ ਅਰਬੀ ਦੀਆਂ ਕੁਝ ਕਿਤਾਬਾਂ ਪੜ੍ਹ ਲੈਣ ਵਾਲਾ ਵੱਡਾ ਗਿਆਨੀ ਮੰਨਿਆ ਜਾਂਦਾ ਸੀ । ਇਸ ਲਈ ਜਿਨ੍ਹਾਂ ਹਾਲਾਤਾਂ ਵਿੱਚ ਅਤੇ ਅਧਿਆਪਕਾਂ ਰਾਹੀਂ ਆਪਨੂੰ ਸਿੱਖਿਆ ਦਿੱਤੀ ਗਈ ਉਹ ਅਜਿਹੇ ਸਨ ਕਿ ਉਨ੍ਹਾਂ ਤੋਂ ਆਪ ਨੂੰ ਕੋਈ ਅਜੇਹੀ ਸਿੱਖਿਆ ਨਹੀਂ ਮਿਲ ਸਕਦੀ ਸੀ ਜੋ ਇਸ ਕੰਮ ਲਈ ਆਪਨੂੰ ਤਿਆਰ ਕਰ ਦਿੰਦੀ ਜਿਸਦੇ ਕਰਨ ਲਈ ਆਪਨੇ ਨਿਯੁਕਤ ਹੋਣਾ ਸੀ । ਹਾਂ, ਇਸ ਸਿੱਖਿਆ ਦਾ ਇਨ੍ਹਾਂ ਸਿੱਟਾ ਅਵਸ਼ ਹੋਇਆ ਕਿ ਆਪ ਨੂੰ ਫ਼ਾਰਸੀ ਅਤੇ ਅਰਬੀ ਪੜ੍ਹਨੀ ਆ ਗਈ ਅਤੇ ਫ਼ਾਰਸੀ ਵਿੱਚ ਚੰਗੀ ਤਰ੍ਹਾਂ ਅਤੇ ਅਰਬੀ ਵਿੱਚ ਕੁਝ ਘੱਟ ਆਪ ਬੋਲਣ ਲਗ ਪਏ ਸਨ । ਇਸ ਤੋਂ ਵੱਧ ਆਪਨੇ ਕੋਈ ਸਿੱਖਿਆ ਪ੍ਰਾਪਤ ਨਹੀਂ ਕੀਤੀ

ਅਤੇ ਧਾਰਮਕ ਸਿੱਖਿਆ ਤਾਂ ਕਿਸੇ ਅਧਿਆਪਕ ਤੋਂ ਵੀ ਪ੍ਰਾਪਤ ਨਹੀਂ ਕੀਤੀ। ਹਾਂ, ਆਪਨੂੰ ਅਧਿਐਨ ਕਰਨ ਦਾ ਬਹੁਤ ਸ਼ੌਕ ਸੀ ਅਤੇ ਆਪਣੇ ਪਿਤਾ ਜੀ ਦੇ ਪੁਸਤਕਾਲੇ ਵਿੱਚ ਅਧਿਐਨ ਵਿੱਚ ਇਨ੍ਹਾਂ ਲੱਗੇ ਰਹਿੰਦੇ ਸਨ ਕਿ ਕਈ ਵਾਰੀ ਆਪਦੇ ਪਿਤਾ ਜੀ ਨੂੰ ਇਕ ਤਾਂ ਇਸ ਕਾਰਣ ਕਿ ਆਪਦੇ ਸਵਾਸਥ ਨੂੰ ਹਾਨੀ ਨ ਪਹੁੰਚੇ ਅਤੇ ਦੂਜੇ ਇਸ ਕਾਰਣ ਕਿ ਆਪ ਇਸ ਵੱਲੋਂ ਹਟ ਕੇ ਉਹਨਾਂ ਦੇ ਕੰਮ ਵਿੱਚ ਉਨ੍ਹਾਂ ਦੀ ਮਦਦ ਕਰਨ, ਆਪਨੂੰ ਰੋਕਣਾ ਪੈਂਦਾ ਸੀ।

# ਮੁਲਾਜ਼ਮ ਹੋਣ ਦੇ ਹਾਲਾਤ ਅਤੇ ਇਸਾਈਆਂ ਨਾਲ ਵਾਦ-ਵਿਵਾਦ

ਜਦ ਆਪ ਸਿੱਖਿਆ ਤੋਂ ਵਿਹਲੇ ਹੋਏ ਤਾਂ ਉਸ ਸਮੇਂ ਬ੍ਰਿਟਿਸ਼ ਸਰਕਾਰ ਪੰਜਾਬ ਵਿੱਚ ਕਾਬਜ਼ ਹੋ ਚੁਕੀ ਸੀ। ਗ਼ਦਰ ਦਾ ਸਮਾਂ ਵੀ ਲੰਘ ਚੁਕਾ ਸੀ ਅਤੇ ਭਾਰਤੀ ਲੋਕ ਇਸ ਗਲ ਨੂੰ ਚੰਗੀ ਤਰ੍ਹਾਂ ਸਮਝ ਚੁਕੇ ਸਨ ਕਿ ਹੁਣ ਇਸ ਸਰਕਾਰ ਦੀ ਮੁਲਾਜ਼ਮਤ ਵਿੱਚ ਹੀ ਮਾਨ ਹੈ। ਇਸ ਲਈ ਸਭਿਅਕ ਪਰਿਵਾਰਾਂ ਦੇ ਗਭਰੂ ਇਸਦੀ ਮੁਲਾਜ਼ਮਤ ਵਿੱਚ ਭਾਗ ਲੈ ਰਹੇ ਸਨ। ਅਜੇਹੇ ਸਮੇਂ ਵਿੱਚ ਅਤੇ ਇਸ ਗਲ ਨੂੰ ਜਾਣ ਕੇ ਕਿ ਹਜ਼ਰਤ ਮਿਰਜ਼ਾ ਸਾਹਬ ਦਾ ਮਨ ਜ਼ਿਮੀਂਦਾਰੀ ਦੇ ਕੰਮਾਂ ਵਿੱਚ ਬਿਲਕੁਲ ਨਹੀਂ ਲਗਦਾ, ਆਪਣੇ ਪਿਤਾ ਜੀ ਦੇ ਸੁਝਾਵ ਨਾਲ ਆਪ ਸਿਆਲਕੋਟ ਮੁਲਾਜ਼ਮਤ ਹਾਸਲ ਕਰਨ ਲਈ ਗਏ ਅਤੇ ਉੱਥੇ ਡਿਪਟੀ ਕਮਿਸ਼ਨਰ ਸਾਹਬ ਦੇ ਦਫ਼ਤਰ ਵਿੱਚ ਮੁਲਾਜ਼ਮ ਹੋ ਗਏ। ਪਰ ਬਹੁਤਾ ਸਮਾਂ ਸਿੱਖਿਅਕ ਕਾਰਜਾਂ ਵਿੱਚ ਹੀ ਲੰਘਦਾ ਅਤੇ ਮੁਲਾਜ਼ਮਤ ਦੇ ਬਾਦ ਦੇ ਸਮੇਂ ਵਿੱਚ ਜਾਂ ਤਾਂ ਆਪ ਅਧਿਐਨ ਕਰਦੇ ਜਾਂ ਦੂਸਰਿਆ ਨੂੰ ਪੜ੍ਹਾਉਂਦੇ ਸਨ ਜਾਂ ਧਾਰਮਕ ਗੱਲਾਂ ਵਿੱਚ ਭਾਗ ਲੈਂਦੇ ਸਨ ਅਤੇ ਉਸ ਸਮੇਂ ਵੀ ਆਪ ਦੀ ਪਰਹੇਜ਼ਗਾਰੀ ਤੇ ਸੰਜਮਤਾ ਦਾ ਇਹਨਾਂ ਪ੍ਰਭਾਵ ਸੀ ਕਿ ਬਾਵਜੂਦ ਇਸਦੇ ਕਿ ਆਪ ਬਿਲਕੁਲ ਨੌਜਵਾਨ ਸੀ ਅਤੇ ਕੇਵਲ ਅੱਠਾਈ ਸਾਲ ਦੀ ਉਮਰ ਸੀ ਪਰ ਬਜ਼ੁਰਗ ਆਦਮੀ ਮੁਸਲਮਾਨਾਂ ਵਿੱਚੋਂ ਵੀ ਅਤੇ ਹਿੰਦੁਆਂ ਵਿੱਚੋਂ ਵੀ ਆਪ ਦਾ ਸਨਮਾਨ ਕਰਦੇ ਸਨ, ਪਰ ਉਸ ਸਮੇਂ ਵੀ ਆਪ ਏਕਾਂਤ ਸੁਭਾਵ ਦੇ ਸਨ। ਆਪਣੇ ਘਰ ਤੋਂ ਬਾਹਰ ਘੱਟ ਜਾਂਦੇ ਸਨ ਅਤੇ ਬਹੁਤਾ ਸਮਾਂ ਉੱਥੇ ਹੀ ਲੰਘਾਉਂਦੇ ਸਨ। ਇਸਾਈ ਮਿਸ਼ਨ ਉਹਨੀਂ ਦਿਨੀ ਪੰਜਾਬ ਵਿੱਚ ਨਵਾਂ-ਨਵਾਂ ਆਇਆ ਸੀ ਅਤੇ ਮੁਸਲਮਾਨ ਉਨ੍ਹਾਂ ਦੇ ਹਮਲਿਆ ਤੋਂ ਅਨਜਾਣ ਸੀ ਅਤੇ ਬਹੁਤੀ ਵਾਰੀ ਇਸਾਈਆਂ ਤੋਂ ਹਾਰ ਜਾਂਦੇ, ਪਰ ਹਜ਼ਰਤ ਮਿਰਜ਼ਾ ਸਾਹਬ ਨਾਲ ਜਦ ਕਦੇ ਵੀ ਇਸਾਈਆਂ ਦੀ ਗੱਲ ਹੋਈ ਤਾਂ ਉਨ੍ਹਾਂ

ਨੂੰ ਨਿਰਉੱਤਰ ਹੋਣਾ ਪਿਆ। ਪਾਦਰੀਆਂ ਵਿੱਚੋਂ ਜੋ ਲੋਕ ਹਕ-ਪਸੰਦ ਸਨ ਉਹ ਧਾਰਮਕ ਮਤਿ-ਭੇਦ ਦੇ ਹੁੰਦਿਆ ਹੋਇਆ ਵੀ ਆਪ ਦਾ ਸਨਮਾਨ ਕਰਦੇ ਸਨ। ਆਪਦੀ ਜੀਵਨੀ ਦੇ ਲੇਖਕ ਲਿਖਦੇ ਹਨ ਕਿ ਰੇਵੰਡ ਬਟਲਰ ਐਮ.ਏ. ਜੋ ਸਿਆਲਕੋਟ ਦੇ ਮਿਸ਼ਨ ਵਿੱਚ ਕੰਮ ਕਰਦੇ ਸਨ ਅਤੇ ਜਿਹਨਾਂ ਤੋਂ ਹਜ਼ਰਤ ਮਿਰਜ਼ਾ ਸਾਹਬ ਦੇ ਬਹੁਤ ਵਾਦ-ਵਿਵਾਦ ਹੁੰਦੇ ਰਹਿੰਦੇ ਸਨ; ਜਦ ਵਿਲਾਇਤ ਵਾਪਸ ਜਾਣ ਲੱਗੇ ਤਾਂ ਆਪ ਕਚਹਿਰੀ ਵਿੱਚ ਆਪਨੂੰ ਮਿਲਣ ਲਈ ਆਏ ਅਤੇ ਜਦ ਡਿਪਟੀ ਕਮਿਸ਼ਨਰ ਸਾਹਬ ਨੇ ਪੁੱਛਿਆ ਕਿ ਕਿਵੇਂ ਆਉਣਾ ਹੋਇਆ ਤਾਂ ਰੇਵੰਡ ਨੇ ਕਿਹਾ ਕਿ ਕੇਵਲ ਮਿਰਜ਼ਾ ਸਾਹਬ ਤੋਂ ਮਿਲਣ ਲਈ ਅਤੇ ਜਿੱਥੇ ਆਪ ਬੈਠੇ ਸਨ ਉੱਥੇ ਹੀ ਸਿੱਧੇ ਚਲੇ ਗਏ ਅਤੇ ਕੁਝ ਦੇਰ ਬੈਠਕੇ ਵਾਪਸ ਚਲੇ ਗਏ। ਇਹ ਉਹਨਾਂ ਦਿਨਾਂ ਦੀ ਗਲ ਹੈ ਜਦ ਬ੍ਰਿਟਿਸ਼ ਸਰਕਾਰ ਦੀ ਨਵੀ-ਨਵੀਂ ਜਿੱਤ ਨੂੰ ਪਾਦਰੀ ਲੋਕ ਆਪਣੀ ਜਿੱਤ ਸਮਝ ਰਹੇ ਸਨ ਅਤੇ ਉਹਨਾ ਵਿੱਚ ਬਹੁਤ ਘਮੰਡ ਹੋ ਗਿਆ ਸੀ ਕਿ ਉਹਨਾਂ ਦਿਨਾਂ ਵਿੱਚ ਜੋ ਪੁਸਤਕਾਂ ਇਸਲਾਮ ਦੇ ਖਿਲਾਫ਼ ਲਿੱਖੀਆਂ ਗਈਆਂ ਹਨ ਉਹਨਾਂ ਦੇ ਪੜ੍ਹਨ ਨਾਲ ਪਤਾ ਲਗਦਾ ਹੈ ਕਿ ਪਾਦਰੀਆਂ ਨੇ ਉਸ ਸਮੇਂ ਸ਼ਾਇਦ ਇਹ ਖ਼ਿਆਲ ਕਰ ਰੱਖਿਆ ਸੀ ਕਿ ਕੁਝ ਹੀ ਦਿਨਾਂ ਵਿੱਚ ਸਾਰੇ ਮੁਸਲਮਾਨਾਂ ਨੂੰ ਫੜਕੇ ਬਲਪੂਰਵਕ ਸਰਕਾਰ ਇਸਾਈ ਬਣਾ ਲਏਗੀ। ਅਤੇ ਉਹ ਇਸਲਾਮ ਅਤੇ ਬਾਨੀ ਇਸਲਾਮ ਦੇ ਖ਼ਿਲਾਫ਼ ਕਰੜੇ ਸ਼ਬਦ ਵਰਤੋਂਣੇ ਵੀ ਗੁਰੇਜ਼ ਨਹੀਂ ਕਰਦੇ ਸਨ। ਇੱਥੋਂ ਤੱਕ ਕਿ ਕੁਝ ਸੂਝਵਾਨ ਯੁਰੋਪੀਅਨ ਲੋਕਾਂ ਨੂੰ ਹੀ ਉਹਨਾ ਪੁਸਤਕਾ ਨੂੰ ਦੇਖ ਕੇ ਲਿਖਣਾ ਪਿਆ ਕਿ ਇਹਨਾ ਲੇਖਾਂ ਕਰਕੇ ਜੇਕਰ ਦੁਬਾਰਾ ਸਨ 57 ਈ. ਵਾਂਗ ਗਦਰ ਹੋ ਜਾਵੇ ਤਾਂ ਕੋਈ ਅਸ਼ਚਰਜ ਨਹੀਂ। ਅਤੇ ਇਹ ਹਾਲਤ ਉਸ ਸਮੇਂ ਤੱਕ ਰਹੀ ਜਦ ਤਕੱ ਇਸਾਈਪਾਦਰੀਆਂ ਨੂੰ ਇਹ ਵਿਸ਼ਵਾਸ ਨਹੀਂ ਹੋ ਗਿਆ ਕਿ ਭਾਰਤ ਵਿੱਚ ਬ੍ਰਿਟਸ਼ ਸਰਕਾਰ ਹੈ ਨਾ ਕਿ ਪਾਦਰੀਆਂ ਦੀ। ਅਤੇ ਇਹ ਕਿ ਮਹਾਰਾਨੀ ਵਿਕਟੋਰੀਆ ਦੀ ਸਰਕਾਰ ਬਲਪੂਰਵਕ ਇਸਾਈ ਧਰਮ ਫੈਲਾਉਣ ਦੇ ਉੱਕਾ ਹੀ ਹੱਕ ਵਿੱਚ ਨਹੀਂ ਅਤੇ ਉਹ ਕਦੇ ਵੀ ਪਸੰਦ ਨਹੀਂ ਕਰਦੀ ਕਿ ਕਿਸੇ ਧਰਮ ਦੇ ਲੋਕਾਂ ਦਾ ਅਕਾਰਣ ਦਿਲ ਦੁਖਾਇਆ ਜਾਏ। ਭਾਵ ਉਸ ਸਮੇਂ ਇਸਾਈਆਂ ਅਤੇ ਮੁਸਲਮਾਨਾ ਦੇ ਸੰਬੰਧ ਤਨਾਅ ਭਰਪੂਰ ਸਨ ਅਤੇ ਪਾਦਰੀਆ ਦਾ ਸੁਭਾਵ ਉਹਨਾਂ ਦਿਨਾਂ ਵਿੱਚ ਕੇਵਲ ਉਹਨਾਂ ਲੋਕਾਂ ਤੱਕ ਚੰਗਾ ਸੀ ਜੋ ਉਹਨਾਂ ਦੀਆਂ ਗੱਲਾਂ ਦੀ ਹਾਮੀ ਭਰਦੇ ਸਨ ਅਤੇ ਜੋ ਅੱਗੇ ਜਵਾਬ ਦੇ ਬੈਠਣ ਉਨ੍ਹਾਂ ਖਿਲਾਫ਼ ਉਹਨਾਂ ਦਾ ਜੋਸ਼ ਵੱਧ ਜਾਂਦਾ ਸੀ। ਪਰ ਇਹ ਸਭ ਕੁਝ ਹੁੰਦਿਆ ਹੋਇਆ ਵੀ ਹਜ਼ਰਤ ਮਿਰਜ਼ਾ ਸਾਹਬ ਧਰਮ ਪ੍ਰਤੀ ਖ਼ੁਦੱਾਰ ਸਨ। ਧਾਰਮਕ ਵਾਦ-ਵਿਵਾਦ ਵਿੱਚ ਕਿਸੇ ਤੋਂ ਦਬਦੇ ਨਹੀਂ ਸਨ। ਰੇਵੰਡ ਬਟਲਰ ਆਪ ਦੀ

ਸੰਜਮਤਾ, ਆਚਰਨ ਅਤੇ ਚੰਗੇ ਸਭਾਵ ਨੂੰ ਦੇਖਕੇ ਪ੍ਰਭਾਵਤ ਸਨ ਅਤੇ ਇਸ ਗਲ ਨੂੰ ਅਨੁਭਵ ਕਰਦਿਆ ਹੋਇਆਂ ਕਿ ਇਹ ਵਿਅਕਤੀ ਮੇਰਾ ਸ਼ਿਕਾਰ ਨਹੀਂ, ਹਾਂ, ਇਹ ਸੰਭਵ ਹੈ ਕਿ ਮੈਂ ਇਸ ਦਾ ਸ਼ਿਕਾਰ ਹੋ ਜਾਵਾਂ ਅਤੇ ਸਭਾਵਕ ਨਫ਼ਰਤ ਦੇ ਹੁੰਦਿਆ ਹੋਇਆਂ ਵੀ ਜੋ ਸ਼ਿਕਾਰ ਨੂੰ ਸ਼ਿਕਾਰੀ ਨਾਲ ਹੁੰਦੀ ਹੈ ਉਹ ਦੂਸਰੇ ਧਾਰਮਕ ਵਾਦ-ਵਿਵਾਦ ਕਰਨ ਵਾਲਿਆਂ ਦੀ ਤੁਲਨਾ ਵਿੱਚ ਮਿਰਜ਼ਾ ਸਾਹਬ ਨਾਲ ਵੱਖ ਵਰਤਾਵ ਕਰਨ ਤੇ ਵਿਵਸ਼ ਹੋਏ ਅਤੇ ਜਾਂਦੇ ਸਮੇਂ ਕਚਹਿਰੀ ਵਿੱਚ ਹੀ ਆਪਨੂੰ ਮਿਲਣ ਲਈ ਆ ਗਏ ਅਤੇ ਆਪ ਤੋਂ ਮਿਲੇ ਬਿਨਾ ਜਾਣਾ ਪਸੰਦ ਨ ਕੀਤਾ।

## ਮੁਲਾਜ਼ਮਤ ਛੱਡਣੀ ਅਤੇ ਮੁਕੱਦਮਿਆਂ ਦੀ ਪੈਰਵੀ ਕਰਨੀ

ਲਗਭਗ ਚਾਰ ਸਾਲ ਆਪ ਸਿਆਲਕੋਟ ਵਿੱਚ ਮੁਲਾਜ਼ਮ ਰਹੇ ਪਰ ਬਹੁਤ ਨਾਪਸੰਦੀ ਨਾਲ। ਅੰਤ ਪਿਤਾ ਜੀ ਦੇ ਲਿਖਦਿਆਂ ਹੀ ਤਿਆਗ-ਪੱਤਰ ਦੇ ਕੇ ਵਾਪਸ ਆ ਗਏ ਅਤੇ ਆਪਣੇ ਪਿਤਾ ਜੀ ਦੇ ਹੁਕਮ ਹੇਠ ਉਹਨਾਂ ਦੀ ਜ਼ਿਮੀਂਦਾਰੀ ਦੇ ਮੁਕੱਦਮਿਆਂ ਦੀ ਪੈਰਵੀ ਵਿੱਚ ਲਗ ਗਏ। ਪਰ ਆਪਦਾ ਦਿਲ ਇਸ ਕੰਮ ਵਿੱਚ ਨਹੀਂ ਲਗਦਾ ਸੀ। ਕਿਉਂਕਿ ਆਪ ਆਪਣੇ ਮਾਤਾ-ਪਿਤਾ ਦੇ ਬਹੁਤ ਆਗਿਆਕਾਰੀ ਸਨ। ਇਸ ਲਈ ਪਿਤਾ ਜੀ ਦਾ ਹੁਕਮ ਤਾਂ ਨਾ ਟਾਲਦੇ ਸੀ, ਪਰ ਆਪਦਾ ਦਿਲ ਇਸ ਕੰਮ ਵਿੱਚ ਬਿਲਕੁਲ ਨਹੀਂ ਲਗਦਾ ਸੀ। ਉਹਨਾਂ ਦਿਨਾਂ ਦੇ ਆਪਨੂੰ ਦੇਖਣ ਵਾਲੇ ਲੋਕ ਦਸਦੇ ਹਨ ਕਿ ਕਈ ਵਾਰੀ ਕਿਸੇ ਮੁਕੱਦਮੇ ਵਿੱਚ ਹਾਰਕੇ ਆਉਂਦੇ ਤਾਂ ਆਪ ਦੇ ਚਿਹਰੇ 'ਤੇ ਖੁਸ਼ੀ ਦੇ ਚਿਨ੍ਹ ਹੁੰਦੇ ਸਨ ਅਤੇ ਲੋਕ ਸਮਝਦੇ ਕਿ ਸ਼ਾਇਦ ਜਿੱਤ ਹੋ ਗਈ ਹੈ। ਪੁਛੱਣ ਤੇ ਪਤਾ ਲਗਦਾ ਹਾਰ ਗਏ ਹਨ। ਜਦ ਕਾਰਣ ਪੁੱਛਿਆ ਜਾਂਦਾ ਤਾਂ ਫ਼ਰਮਾਉਂਦੇ ਕਿ ਅਸੀਂ ਜੋ ਕੁਝ ਕਰਨਾ ਸੀ ਕਰ ਦਿੱਤਾ ਅੱਲਾਹ ਦੀ ਇੱਛਾ ਇਹੋ ਸੀ। ਅਤੇ ਇਸ ਮੁਕੱਦਮੇ ਦੇ ਖ਼ਤਮ ਹੋਣ ਨਾਲ ਕੁਝ ਵਿਹਲ ਤਾਂ ਹੋ ਗਈ। ਅਲੱਾਹ ਦੀ ਯਾਦ ਵਿੱਚ ਲੱਗੇ ਰਹਿਣ ਦਾ ਕੁਝ ਸਮਾਂ ਮਿਲੇਗਾ। ਇਹ ਸਮਾਂ ਆਪਦਾ ਅਜੀਬ ਕਸ਼ਮਕਸ਼ (ਸੰਘਰਸ਼) ਦਾ ਸੀ। ਪਿਤਾ ਜੀ ਚਾਹੁੰਦੇ ਸਨ ਕਿ ਆਪ ਜਾਂ ਤਾਂ ਜ਼ਿਮੀਂਦਾਰੀ ਦੇ ਕੰਮ ਵਿੱਚ ਲਗ ਜਾਣ ਜਾਂ ਮੁਲਾਜ਼ਮ ਹੋ ਜਾਣ। ਅਤੇ ਆਪ ਇਹਨਾਂ ਦੋਹਾਂ ਗੱਲਾਂ ਤੋਂ ਸਹਿਮਤ ਨਹੀਂ ਸੀ। ਇਸ ਲਈ ਕਈ ਵਾਰ ਆਪ ਮਿਹਣਿਆ ਤੇ ਤਾੜਨਾ ਦਾ ਸ਼ਿਕਾਰ ਬਣੇ ਰਹਿੰਦੇ ਸਨ। ਜਦ ਤੱਕ ਆਪਦੀ ਮਾਤਾ ਜੀ ਜੀਉਂਦੇ ਰਹੇ ਆਪ 'ਤੇ ਇਕ ਢਾਲ ਵਾਂਗ ਰਹੇ ਪਰ ਉਹਨਾਂ ਦੀ ਮੌਤ ਮਗਰੋਂ ਆਪ ਆਪਣੇ ਪਿਤਾ

ਜੀ ਅਤੇ ਭਾਈ ਸਾਹਬ ਦੀ ਮਲਾਮਤ ਦਾ ਕਈ ਵਾਰ ਨਿਸ਼ਾਨਾ ਬਣ ਜਾਂਦੇ ਅਤੇ ਕਈ ਵਾਰ ਉਹ ਸਮਝਦੇ ਸਨ ਕਿ ਆਪ ਦੀ ਸੰਸਾਰਕ ਕੰਮਾ ਤੋਂ ਨਫ਼ਰਤ ਸੁਸਤੀ ਕਾਰਣ ਹੈ। ਇਸ ਲਈ ਆਪ ਕਿਹਾ ਕਰਦੇ ਸਨ ਕਿ ਕਈ ਵਾਰ ਆਪਦੇ ਪਿਤਾ ਜੀ ਬਹੁਤ ਪਰੇਸ਼ਾਨ ਹੋ ਜਾਂਦੇ ਸਨ ਅਤੇ ਕਹਿੰਦੇ ਸਨ ਕਿ ਮੇਰੇ ਮਗਰੋਂ ਇਸ ਲੜਕੇ ਦਾ ਕਿਵੇਂ ਗੁਜ਼ਾਰਾ ਹੋਵੇਗਾ ਅਤੇ ਇਸ ਗਲ 'ਤੇ ਉਹਨਾਂ ਨੂੰ ਬਹੁਤ ਦੁਖ ਹੁੰਦਾ ਸੀ ਕਿ ਇਹ ਆਪਣੇ ਭਰਾ 'ਤੇ ਨਿਰਭਰ ਰਹੇਗਾ ਅਤੇ ਕਦੇ-ਕਦੇ ਆਪਦੇ ਅਧਿਐਨ ਤੋਂ ਚਿੜ੍ਹਕੇ ਆਪਨੂੰ ਮੁੱਲਾਂ ਵੀ ਕਹਿ ਦਿਆ ਕਰਦੇ ਸਨ ਅਤੇ ਫ਼ਰਮਾਉਂਦੇ ਸਨ ਕਿ ਇਹ ਸਾਡੇ ਘਰ ਵਿੱਚ ਮੁੱਲਾਂ ਕਿੱਥੋਂ ਪੈਦਾ ਹੋ ਗਿਆ ਹੈ ਪਰ ਫਿਰ ਵੀ ਉਹਨਾਂ ਦੇ ਦਿਲ ਵਿੱਚ ਆਪਦਾ ਇਕ ਵਿਸ਼ੇਸ਼ ਰੁਹਬ ਸੀ ਅਤੇ ਜਦ ਕਦੇ ਉਹ ਆਪਣੇ ਸੰਸਾਰਕ ਅਸਫ਼ਲਤਾਵਾਂ ਨੂੰ ਚੇਤੇ ਕਰਦੇ ਸਨ ਤਾਂ ਧਾਰਮਕ ਗੱਲਾਂ ਵਿੱਚ ਆਪਨੂੰ ਲੀਨ ਦੇਖ ਕੇ ਖੁਸ਼ ਹੁੰਦੇ ਸਨ ਅਤੇ ਉਸ ਸਮੇਂ ਫ਼ਰਮਾਉਂਦੇ ਸਨ ਕਿ ਅਸਲ ਕੰਮ ਤਾਂ ਇਹੋ ਹੈ ਜਿਸ ਵਿੱਚ ਮੇਰਾ ਪੁੱਤਰ ਲੱਗਾ ਹੋਇਆ ਹੈ। ਪਰ ਕਿਉਂਕਿ ਉਹਨਾਂ ਦੀ ਸਾਰੀ ਉਮਰ ਸੰਸਾਰਕ ਕਾਰਜਾਂ ਵਿੱਚ ਲੰਘੀ ਸੀ ਇਸ ਲਈ ਪਛਤਾਵੇ ਦਾ ਪੱਥ ਗ਼ਾਲਬ ਰਹਿੰਦਾ ਸੀ। ਪਰ ਹਜ਼ਰਤ ਮਿਰਜ਼ਾ ਸਾਹਬ ਇਸ ਗਲ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ ਸੀ, ਸਗੋਂ ਕਿਸੇ-ਕਿਸੇ ਵੇਲੇ ਕੁਰਆਨ-ਹਦੀਸ ਆਪਣੇ ਪਿਤਾ ਜੀ ਨੂੰ ਵੀ ਸੁਨਾਉਣ ਲਈ ਬਹਿ ਜਾਂਦੇ ਸਨ। ਅਤੇ ਇਹ ਅਜੀਬ ਦ੍ਰਿਸ਼ ਸੀ ਕਿ ਪਿਤਾ ਤੇ ਪੁੱਤਰ ਦੋਵੇ ਵੱਖ-ਵੱਖ ਕਾਰਜਾਂ ਵਿੱਚ ਲਗੇ ਹੋਏ ਸਨ ਅਤੇ ਦੋਹਾਂ ਵਿੱਚੋਂ ਹਰ ਕੋਈ ਇਕ ਦੂਜੇ ਨੂੰ ਸ਼ਿਕਾਰ ਕਰਨਾ ਚਾਹੁੰਦਾ ਸੀ। ਪਿਤਾ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਪੁਤੱਰ ਨੂੰ ਆਪਣੇ ਵਿਚਾਰਾਂ ਦਾ ਸ਼ਿਕਾਰ ਕਰੇ ਅਤੇ ਸੰਸਾਰਕ ਸਨਮਾਨ ਦੀ ਪ੍ਰਾਪਤੀ ਵਿੱਚ ਲਗਾ ਦੇਵੇ ਅਤੇ ਪੁੱਤਰ ਚਾਹੁੰਦਾ ਸੀ ਕਿ ਆਪਣੇ ਪਿਤਾ ਨੂੰ ਸੰਸਾਰ ਦੇ ਖ਼ਤਰਨਾਕ ਫੰਦੇ 'ਚੋਂ ਅਜ਼ਾਦ ਕਰਕੇ ਅਲੱਾਹ ਦੇ ਪਿਆਰ ਦੀ ਲੌ ਲਗਾ ਦੇਵੇ। ਇਹ ਅਜੀਬ ਦਿਨ ਸਨ ਜਿਹਨਾਂ ਦਾ ਦ੍ਰਿਸ਼ ਖਿਚਣਾ ਕਲਮ ਦਾ ਕੰਮ ਨਹੀਂ। ਹਰ ਕੋਈ ਆਪਣੀ-ਆਪਣੀ ਸ਼ਕਤੀ ਮੁਤਾਬਕ ਆਪਣੇ ਦਿਲ ਦੇ ਅੰਦਰ ਹੀ ਇਸਦਾ ਚਿੱਤਰ ਖਿੱਚ ਸਕਦਾ ਹੈ। ਇਹਨਾਂ ਦਿਨਾਂ ਵਿੱਚ ਫਿਰ ਆਪਦੇ ਸਾਹਮਣੇ ਮੁਲਾਜ਼ਮਤ ਦਾ ਪ੍ਰਸ਼ਨ ਹੋਇਆ ਅਤੇ ਰਿਆਸਤ ਕਪੂਰਥਲਾ ਦੇ ਸਿੱਖਿਆ ਵਿਭਾਗ ਦਾ ਅਫ਼ਸਰ ਬਣਾਉਣ ਦੀ ਵਿਓਂਤ ਹੋਈ ਪਰ ਆਪਨੇ ਮੰਜ਼ੂਰ ਨਹੀਂ ਕੀਤੀ ਅਤੇ ਆਪਣੇ ਪਿਤਾ ਦੇ ਦੁੱਖ ਨੂੰ ਦੇਖ ਕੇ ਇਸ ਗੱਲ ਨੂੰ ਪਸੰਦ ਕੀਤਾ ਕਿ ਜਿਸ ਤੰਗੀ ਨਾਲ ਵੀ ਗੁਜ਼ਾਰਾ ਹੋਵੇ ਘਰ ਵਿੱਚ ਹੀ ਰਹਿਣ ਅਤੇ ਉਹਨਾਂ ਦੇ ਕੰਮਾ ਵਿੱਚ ਜਿੱਥੋਂ ਤੱਕ ਹੋ ਸਕੇ ਹੱਥ ਵੰਡਾਉਣ ਸੋ, ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਆਪ ਦਾ ਦਿਲ ਇਸ ਕੰਮ ਵੱਲ ਵੀ ਨਹੀਂ ਲਗਦਾ ਸੀ

ਪਰ ਆਪਣੇ ਪਿਤਾ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਅੰਤਲੇ ਸਮੇਂ ਨੂੰ ਜਿੱਥੋਂ ਤੱਕ ਹੋ ਸਕੇ ਸੁਖੀ ਬਨਾਉਣ ਲਈ ਰੁੱਝੇ ਰਹਿੰਦੇ। ਭਾਵੇਂ ਆਪ ਨੂੰ ਜਿੱਤ ਜਾਂ ਹਾਰ ਤੋਂ ਕੋਈ ਲਗਾਵ ਨਹੀਂ ਸੀ।

# ਇਕ ਮੁਕੱਦਮੇ ਵਿੱਚ ਇਲਾਹੀ ਚਮਤਕਾਰ

ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਚਾਹੇ ਇਸ ਸਮੇਂ ਆਪਣੇ ਪਿਤਾ ਜੀ ਦੀ ਮਦਦ ਲਈ ਉਹਨਾ ਦੇ ਸੰਸਾਰਕ ਕੰਮਾ ਵਿੱਚ ਲੱਗੇ ਹੋਏ ਸਨ ਪਰ ਆਪ ਦਾ ਮਨ ਕਿਸੇ ਹੋਰ ਪਾਸੇ ਸੀ ਅਤੇ "ਦਸਤ ਦਰਕਾਰ ਦਿਲ ਬਾ ਯਾਰ" (ਹੱਥ ਕੰਮ ਵਿੱਚ ਤੇ ਮਨ ਅੱਲਾਹ ਦੀ ਯਾਦ ਵਿੱਚ) ਦੀ ਉਦਾਹਰਣ ਬਣੇ ਹੋਏ ਸਨ। ਮੁਕੱਦਮੇ 'ਚੋਂ ਕੁਝ ਵਿਹਲ ਹੁੰਦੀ ਤਾਂ ਅੱਲਾਹ ਦੀ ਯਾਦ ਵਿੱਚ ਲਗ ਜਾਂਦੇ ਅਤੇ ਇਹਨਾਂ ਯਾਤਰਾਵਾਂ ਵਿੱਚ ਜੋ ਆਪਨੂੰ ਉਹਨਾਂ ਦਿਨਾਂ ਮੁਕੱਦਮਿਆਂ ਵਿੱਚ ਕਰਨੀਆਂ ਪਈਆਂ ਆਪ ਇਕ ਸਮੇਂ ਦੀ ਨਮਾਜ਼ ਵਿੱਚ ਵੀ ਦੇਰ ਨ ਹੋਣ ਦਿੰਦੇ ਸਗੋਂ ਆਪਣੇ ਸਮੇਂ ਸਿਰ ਨਮਾਜ਼ ਪੜ੍ਹਦੇ ਸਗੋਂ ਮੁਕੱਦਮੇ ਦੇ ਸਮੇਂ ਵੀ ਨਮਾਜ਼ ਨ ਛਡਦੇ। ਇਕ ਵਾਰ ਤਾਂ ਅਜਿਹਾ ਹੋਇਆ ਕਿ ਆਪ ਇਕ ਜ਼ਰੂਰੀ ਮੁਕੱਦਮੇਂ ਲਈ ਜਿਸ ਦਾ ਪ੍ਰਭਾਵ ਕਈ ਮੁਕੱਦਮਿਆਂ ਤੇ ਪੈਂਦਾ ਸੀ ਅਤੇ ਜਿਸਦਾ ਆਪਦੇ ਹੱਕ ਵਿੱਚ ਹੋ ਜਾਣ ਨਾਲ ਆਪਦੇ ਬਹੁਤ ਸਾਰੇ ਅਧਿਕਾਰ ਸੁਰੱਖਿਅਤ ਹੋ ਜਾਂਦੇ ਸਨ, ਆਪ ਅਦਾਲਤ ਗਏ ਉਸ ਸਮੇਂ ਕੋਈ ਜ਼ਰੂਰੀ ਮੁਕੱਦਮਾ ਚਲ ਰਿਹਾ ਸੀ। ਉਸ ਵਿੱਚ ਦੇਰ ਹੋ ਗਈ ਅਤੇ ਨਮਾਜ਼ ਦਾ ਸਮਾਂ ਆ ਗਿਆ। ਜਦ ਆਪਨੇ ਦੇਖਿਆ ਕਿ ਮਜਿਸਟ੍ਰੇਟ ਤਾਂ ਇਸ ਮੁਕੱਦਮੇਂ ਵਿੱਚ ਰੁੱਝਿਆ ਹੈ ਅਤੇ ਨਮਾਜ਼ ਦਾ ਸਮਾਂ ਲੰਘ ਰਿਹਾ ਹੈ ਤਾਂ ਆਪਨੇ ਇਸ ਮੁਕਦਮੇਂ ਨੂੰ ਅੱਲਾਹ ਦੇ ਹਵਾਲੇ ਕਰਕੇ ਆਪਨੇ ਇਕ ਪਾਸੇ ਜਾਕੇ ਵੁਜ਼ੂ ਕੀਤਾ ਅਤੇ ਰੁੱਖਾਂ ਦੇ ਛਾਂ ਹੇਠ ਨਮਾਜ਼ ਪੜ੍ਹਨੀ ਸ਼ੁਰੂ ਕਰ ਦਿੱਤੀ। ਜਦ ਨਮਾਜ਼ ਸ਼ੁਰੂ ਕੀਤੀ ਤਾਂ ਅਦਾਲਤ 'ਚੋਂ ਆਪਦੇ ਨਾਂ ਦੀ ਅਵਾਜ਼ ਪਈ, ਆਪ ਆਰਾਮ ਨਾਲ ਨਮਾਜ਼ ਪੜ੍ਹਦੇ ਰਹੇ ਅਤੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜਦ ਨਮਾਜ਼ ਪੜ੍ਹ ਚੁਕੇ ਤਾਂ ਯਕੀਨ ਸੀ ਕਿ ਮੁਕਦੱਮੇ ਵਿੱਚ ਮੁਖ਼ਾਲਫ਼ ਨੂੰ ਇਕਤਰਫ਼ਾ ਡਿਗਰੀ ਮਿਲ ਗਈ ਹੋਵੇਗੀ ਕਿਉਕਿ ਅਦਾਲਤ ਦਾ ਨਿਯਮ ਹੈ ਕਿ ਜਦ ਇਕ ਫ਼ਰੀਕ ਹਾਜ਼ਰ ਨਾ ਹੋਵੇ ਤਾਂ ਮੁਖ਼ਾਲਫ਼ ਫ਼ਰੀਕ ਨੂੰ ਇਕ ਤਰਫ਼ਾ ਡਿਗਰੀ ਦੇ ਦਿੱਤੀ ਜਾਂਦੀ ਹੈ। ਇਸੇ ਵਿਚਾਰ ਵਿੱਚ ਅਦਾਲਤ ਪਹੁੰਚੇ, ਜਦ ਅਦਾਲਤ ਪਹੁੰਚੇ ਤਾਂ ਪਤਾ ਲੱਗਾ ਕਿ ਫੈਸਲਾ ਹੋ ਚੁੱਕਾ ਹੈ ਕਿਉਕਿ ਅਦਾਲਤ ਦਾ ਫ਼ੈਸਲਾ ਜਾਨਣਾ ਜ਼ਰੂਰੀ ਸੀ, ਇਸ ਲਈ ਜਾਕੇ ਪੁੱਛਿਆ ਤਾਂ ਪਤਾ

ਲੱਗਾ ਕਿ ਮਜਿਸਟ੍ਰੇਟ ਨੇ ਜੋ ਇਕ ਅੰਗ੍ਰੇਜ਼ ਸੀ ਕਾਗ਼ਜ਼ਾਂ ਉਤੇ ਹੀ ਫ਼ੈਸਲਾ ਕਰ ਦਿੱਤਾ ਹੈ ਅਤੇ ਡਿਗਰੀ ਆਪਦੇ ਹੱਕ ਵਿੱਚ ਦਿੱਤੀ ਹੈ। ਇਸ ਤਰ੍ਹਾਂ ਖ਼ੁਦਾ ਨੇ ਆਪ ਵੱਲੋਂ ਵਕਾਲਤ ਕੀਤੀ। ਭਾਵ ਆਪ ਇਨ੍ਹਾਂ ਸੰਸਾਰਕ ਕੰਮਾ ਵਿੱਚ ਇਸ ਪ੍ਰਕਾਰ ਲੱਗੇ ਸਨ ਜਿਵੇਂ ਇਕ ਮਨੁੱਖ ਨਾਲ ਕੋਈ ਅਜੇਹਾ ਕੰਮ ਕਰਾਇਆ ਜਾਏ ਜਿਸਦੇ ਕਰਨ ਲਈ ਉਹ ਰਾਜ਼ੀ ਨ ਹੋਵੇ, ਜਦ ਕਿ ਉਹ ਕੰਮ ਖੁਦ ਆਪਦੇ ਲਾਭ ਲਈ ਸੀ, ਕਿਉਂਕਿ ਆਪਦੇ ਪਿਤਾ ਜੀ ਦੀ ਜਾਇਦਾਦ ਦਾ ਸੁਰੱਖਿਅਤ ਹੋਣਾ ਅਸਲ ਵਿੱਚ ਆਪਦੀ ਜਾਇਦਾਦ ਦਾ ਸੁਰੱਖਿਅਤ ਹੋਣਾ ਸੀ, ਕਿਉਂਕਿ ਆਪ ਉਹਨਾ ਦੇ ਵਾਰਸ ਸਨ। ਸੋ ਆਪ ਦੇ ਸੂਝਵਾਨ ਤੇ ਬਾਲਗ਼ ਹੁੰਦਿਆ ਹੋਇਆ ਇਸ ਕੰਮ ਵਿੱਚ ਦਿਲ ਨ ਲਗਣਾ ਇਹ ਸਪਸ਼ਟ ਕਰਦਾ ਹੈ ਕਿ ਆਪ ਸੰਸਾਰ ਤੋਂ ਪੂਰਨ ਰੂਪ ਵਿੱਚ ਵੱਖ ਸਨ ਅਤੇ ਖ਼ੁਦਾ ਤਆਲਾ ਨੂੰ ਪਾਉਣਾ ਹੀ ਆਪਦਾ ਮੰਤਵ ਸੀ।

# ਮਿਹਨਤ ਦੀ ਆਦਤ

ਆਪਦਾ ਮਨ ਸੰਸਾਰਕ ਕੰਮਾ ਵਿੱਚ ਨਹੀਂ ਲਗਦਾ ਸੀ ਪਰ ਆਪ ਕਦੇ ਵੀ ਆਲਸੀ ਨਹੀਂ ਸਨ ਸਗੋਂ ਬਹੁਤ ਮਿਹਨਤੀ ਸਨ। ਏਕਾਂਤ ਸਵਭਾਵ ਦੇ ਹੁੰਦਿਆ ਹੋਇਆਂ ਵੀ ਮਿਹਨਤ ਤੋਂ ਘਬਰਾਉਂਦੇ ਨਹੀਂ ਸਨ ਅਤੇ ਕਈ ਵਾਰ ਅਜੇਹਾ ਹੁੰਦਾ ਸੀ ਕਿ ਆਪਨੂੰ ਜਦ ਕਿਸੇ ਸਫ਼ਰ 'ਤੇ ਜਾਣਾ ਪੈਂਦਾ ਤਾਂ ਸਵਾਰੀ ਦਾ ਘੋੜਾ ਨੌਕਰ ਹੱਥ ਅੱਗੇ ਭੇਜ ਦਿੰਦੇ ਅਤੇ ਆਪ ਪੈਦਲ ਵੀਹ-ਪੰਝੀ ਮੀਲ ਦੀ ਯਾਤਰਾ ਕਰਕੇ ਮੰਜ਼ਿਲ ਤੇ ਪਹੁੰਚ ਜਾਂਦੇ ਸਗੋਂ ਬਹੁਤੀ ਵਾਰ ਪੈਦਲ ਹੀ ਯਾਤਰਾ ਕਰਦੇ ਅਤੇ ਸਵਾਰੀ ਘਟ ਹੀ ਵਰਤਦੇ ਸਨ ਅਤੇ ਪੈਦਲ ਚਲੱਣ ਦੀ ਆਦਤ ਅੰਤਮ ਸਮੇਂ ਤੱਕ ਰਹੀ। ਸੱਤਰ ਸਾਲ ਤੋਂ ਵੱਧ ਉਮਰ ਵਿੱਚ ਜਦਕਿ ਆਪਨੂੰ ਕੁਝ ਸਖ਼ਤ ਬਿਮਾਰੀਆ (ਸਿਰ ਦਾ ਚਕਰਾਉਣਾ ਅਤੇ ਸੂਗਰ ਆਦਿ) ਲਗ ਗਈਆ ਸਨ। ਅਧਿਕਤਰ ਰੋਜ਼ ਸੈਰ ਕਰਨ ਜਾਂਦੇ ਸਨ ਅਤੇ ਚਾਰ ਪੰਜ ਮੀਲ ਫ਼ਿਰ ਆਉਂਦੇ ਅਤੇ ਕਈ ਵਾਰ ਸੱਤ ਮੀਲ ਪੈਦਲ ਫਿਰ ਲੈਂਦੇ ਸਨ ਅਤੇ ਬੁਢੇਪੇ ਤੋਂ ਪਹਿਲਾਂ ਦਾ ਹਾਲ ਆਪ ਵਰਨਣ ਕਰਦੇ ਸਨ ਕਿ ਕਈ ਵਾਰ ਸਵੇਰ ਦੀ ਨਮਾਜ਼ ਤੋਂ ਪਹਿਲਾਂ ਉਠਕੇ (ਨਮਾਜ਼ ਦਾ ਸਮਾਂ ਸੂਰਜ ਚੜ੍ਹਨ ਤੋਂ ਸਵਾ ਘੰਟਾ ਪਹਿਲਾ ਹੁੰਦਾ ਹੈ) ਸੈਰ ਲਈ ਚਲ ਪੈਂਦੇ ਸਨ ਅਤੇ 'ਵਡਾਲੇ' ਤਕ ਪਹੁੰਚ ਕੇ (ਜੋ ਬਟਾਲਾ ਸੜਕ 'ਤੇ ਕਾਦੀਆਂ ਤੋਂ ਲਗਭਗ ਸਾਡੇ-ਪੰਜ ਮੀਲ ਤੇ ਇਕ ਪਿੰਡ ਹੈ) ਸਵੇਰ ਦੀ ਨਮਾਜ਼ ਦਾ ਸਮਾਂ ਹੁੰਦਾ ਸੀ।

# ਇਲਾਹੀ ਵਾਰਤਾਲਾਪ ਦਾ ਅਰੰਭ

ਆਪਦੀ ਉਮਰ ਲਗਭਗ ਚਾਲੀ ਵਰ੍ਹਿਆਂ ਦੀ ਸੀ ਜਦਕਿ 1876 ਈ. ਵਿੱਚ ਆਪਦੇ ਪਿਤਾ ਜੀ ਇਕ ਵਾਰ ਬਿਮਾਰ ਹੋਏ ਅਤੇ ਉਹਨਾ ਦੀ ਬਿਮਾਰੀ ਬਹੁਤ ਭਿਆਨਕ ਨਹੀਂ ਸੀ ਪਰ ਹਜ਼ਰਤ ਮਸੀਹ ਮੌਊਦ ਨੂੰ ਅੱਲਾਹ-ਤਆਲਾ ਨੇ ਇਲਹਾਮ (ਇਲਾਹੀ-ਵਾਰਤਾਲਾਪ, ਆਕਾਸ਼ਵਾਣੀ) ਰਾਹੀਂ ਦੱਸਿਆ ਕਿ ਅੱਤਾਰਿਕੋ ਵ ਮੱਤਾਰਿਕ ਅਰਥਾਤ ਰਾਤ ਨੂੰ ਆਉਣ ਵਾਲੇ ਦੀ ਸੌਗੰਧ, ਤੂੰ ਕੀ ਜਾਣਦਾ ਹੈ ਕਿ ਰਾਤ ਨੂੰ ਕੀ ਆਉਣ ਵਾਲਾ ਹੈ ਅਤੇ ਨਾਲ ਹੀ ਦੱਸਿਆ ਗਿਆ ਕਿ ਇਸ ਇਲਹਾਮ (ਇਲਾਹੀ-ਬਾਣੀ) ਵਿੱਚ ਆਪਦੇ ਪਿਤ ਜੀ ਦੀ ਮੌਤ ਦੀ ਖ਼ਬਰ ਦਿੱਤੀ ਗਈ ਹੈ ਜੋ ਕਿ 'ਮਗ਼ਰਿਬ' (ਸ਼ਾਮ ਦੀ ਨਮਾਜ਼) ਮਗਰੋਂ ਹੋਵੇਗੀ। ਹਜ਼ਰਤ ਸਾਹਬ ਨੂੰ ਇਸ ਤੋਂ ਪਹਿਲਾਂ ਇਕ ਲੰਮੇ ਸਮੇਂ ਤੋਂ ਭਲੇ ਸਵਪਨ ਆ ਰਹੇ ਸਨ ਜੋ ਆਪਣੇ ਸਮੇਂ 'ਤੇ ਬਹੁਤ ਸਫ਼ਾਈ ਨਾਲ ਪੂਰੇ ਹੁੰਦੇ ਸਨ, ਜਿਨ੍ਹਾਂ ਦੇ ਗਵਾਹ ਹਿੰਦੂ ਅਤੇ ਸਿੱਖ ਵੀ ਸਨ ਅਤੇ ਹੁਣ ਤੱਕ ਕੁਝ ਇਹਨਾ ਵਿੱਚੋਂ ਜੀਵਤ ਹਨ, ਪਰ ਇਲਾਹੀ-ਬਾਣੀ ਵਿੱਚੋਂ ਇਹ ਪਹਿਲਾ ਇਲਾਹਾਮ ਹੈ ਜੋ ਆਪਨੂੰ ਹੋਇਆ ਅਤੇ ਇਸ ਇਲਹਾਮ ਰਾਹੀਂ ਖੁਦਾ ਤਆਲਾ ਨੇ ਆਪਣੇ ਸਨੇਹ ਨਾਲ ਆਪ ਨੂੰ ਦੱਸਿਆ ਕਿ ਤੇਰਾ ਸੰਸਾਰਕ ਪਿਤਾ ਪੂਰਾ ਹੁੰਦਾ ਹੈ, ਭਾਵ ਪਹਿਲਾ ਇਲਹਾਮ ਜੋ ਹਜ਼ਰਤ ਮਸੀਹ ਮੌਊਦ ਨੂੰ ਹੋਇਆ ਇਹੋ ਸੀ ਜਿਸ ਵਿੱਚ ਆਪ ਨੂੰ ਆਪਦੇ ਪਿਤਾ ਜੀ ਦੀ ਵਫ਼ਾਤ ਦੀ ਖ਼ਬਰ ਦਿੱਤੀ ਗਈ ਸੀ। ਇਸ ਖ਼ਬਰ 'ਤੇ ਆਪਦਾ ਮਨ ਦੁਖੀ ਹੋਣਾ ਹੀ ਸੀ ਇਸ ਲਈ ਆਪਨੂੰ ਇਸ ਖਬਰ ਤੋਂ ਦੁਖ ਹੋਇਆ ਅਤੇ ਦਿਲ ਵਿੱਚ ਖਿਆਲ ਆਇਆ ਕਿ ਹੁਣ ਸਾਡੇ ਗੁਜ਼ਾਰੇ ਦੀ ਕੀ ਸੂਰਤ ਹੋਵੇਗੀ ? ਇਸ 'ਤੇ ਦੂਜੀ ਵਾਰ ਫਿਰ ਇਲਹਾਮ ਹੋਇਆ ਅਤੇ ਆਪ ਨੂੰ ਅੱਲਾਹ ਤਾਅਲਾ ਨੇ ਹਰ ਪ੍ਰਕਾਰ ਦੀ ਤਸੱਲੀ ਦਿੱਤੀ। ਇਸ ਗਲ ਨੂੰ ਮੈਂ ਇੱਥੇ ਤਾਂ ਖ਼ੁਦ ਹਜ਼ਰਤ ਮਸੀਹ ਮੌਊਦ ਦੇ ਸ਼ਬਦਾ ਵਿੱਚ ਲਿੱਖ ਦੇਣਾ ਉਚਿਤ ਸਮਝਦਾ ਹਾਂ ਆਪ ਜੀ ਲਿਖਦੇ ਹਨ :-

# ਆਪਦੇ ਪਿਤਾ ਜੀ ਦਾ ਪੂਰਾ ਹੋਣਾ ਅਤੇ ਆਪ 'ਤੇ ਇਲਾਹੀ ਹੱਥ

''ਜਦ ਮੈਨੂੰ ਇਹ ਖ਼ਬਰ ਦਿੱਤੀ ਗਈ ਕਿ ਮੇਰੇ ਪਿਤਾ ਜੀ ਸੂਰਜ ਡੁੱਬਣ ਮਗਰੋਂ ਪੂਰੇ ਹੋ ਜਾਣਗੇ ਤਾਂ ਮਨੁੱਖੀ ਸਵਭਾਵ ਅਨੁਸਾਰ ਮੈਨੂੰ ਇਹ ਖ਼ਬਰ ਸੁਣਕੇ ਦੁੱਖ

ਹੋਇਆ, ਕਿਉਂਕਿ ਮੇਰੇ ਗੁਜ਼ਾਰੇ ਦੇ ਅਧਿਕਤਰ ਸਾਧਨ ਉਹਨਾਂ ਨਾਲ ਹੀ ਸੰਬੰਧਤ ਸਨ ਅਤੇ ਉਹ ਅੰਗ੍ਰੇਜ਼ ਸਰਕਾਰ ਕੋਲੋਂ ਪੈਂਸ਼ਨ ਪ੍ਰਾਪਤ ਕਰਦੇ ਸਨ ਅਤੇ ਇਸੇ ਪ੍ਰਕਾਰ ਇਕ ਭਾਰੀ ਰਕਮ ਪੁਰਸਕਾਰ ਵੱਜੋਂ ਵੀ ਪ੍ਰਾਪਤ ਕਰਦੇ ਸਨ ਜੋ ਕਿ ਉਹਨਾ ਦੇ ਜੀਵਨ ਨਾਲ ਸੰਬੰਧਤ ਸਨ ਇਸ ਲਈ ਇਹ ਖ਼ਿਆਲ ਲੰਘਿਆ ਕਿ ਉਹਨਾਂ ਦੇ ਪੂਰੇ ਹੋ ਜਾਣ ਮਗਰੋਂ ਕੀ ਹੋਵੇਗਾ ਅਤੇ ਮਨ ਵਿੱਚ ਖ਼ੌਫ਼ ਪੈਦਾ ਹੋਇਆ ਕਿ ਸ਼ਾਇਦ ਤੰਗੀ ਅਤੇ ਦੁੱਖ ਦੇ ਦਿਨ ਮੇਰੇ 'ਤੇ ਆਉਣਗੇ ਅਤੇ ਇਹ ਸਾਰਾ ਖ਼ਿਆਲ ਬਿਜਲੀ ਦੀ ਚਮਕ ਵਾਂਗ ਇਕ ਸੈਕੰਡ ਤੋਂ ਵੀ ਘੱਟ ਸਮੇਂ ਵਿੱਚ ਲੰਘ ਗਿਆ ਅਤੇ ਉਸੇ ਸਮੇਂ ਅੱਖ-ਲੱਗਣ ਦੀ ਅਵਸਥਾ ਹੋਕੇ ਇਹ ਦੂਸਰਾ ਇਲਹਾਮ ਹੋਇਆ। اَلَیْسَ اللّٰہُ بِکَافٍ عَبْدَہٗ ('ਅਲੈਸੱਲਾਹੋ ਬਿਕਾਫ਼ਿਨ ਅਬਦਹੂ') ਅਰਥਾਤ 'ਕੀ ਖ਼ੁਦਾ ਆਪਣੇ ਬੰਦੇ ਲਈ ਕਾਫ਼ੀ ਨਹੀਂ ? ਇਸ ਇਲਹਾਮ ਦੇ ਨਾਲ ਦਿਲ ਅਜੇਹਾ ਪੱਕਾ ਹੋਇਆ ਕਿ ਜਿਵੇਂ ਇਕ ਸਖ਼ਤ ਤੇ ਪੀੜਾ ਦਾਇਕ ਜ਼ਖ਼ਮ ਕਿਸੇ ਮਰਹਮ ਨਾਲ ਇੱਕੋ ਵਾਰੀ ਚੰਗਾ ਹੋ ਜਾਂਦਾ ਹੈ। ਜਦ ਮੈਨੂੰ ਇਲਹਾਮ ਹੋਇਆ ਕਿ ਅਲੈਸੱਲਾਹੋ ਬਿਕਾਫ਼ਿਨ ਅਬਦਾਹੂ ਤਾਂ ਮੈਂ ਉਸੇ ਵੇਲੇ ਸਮਝ ਲਿਆ ਕਿ ਖ਼ੁਦਾ ਮੈਨੂੰ ਵਿਅਰਥ ਨਹੀਂ ਕਰੇਗਾ। ਉਦੋਂ ਮੈਂ ਇਕ ਹਿੰਦੂ ਖਤਰੀ ਮਲਾਵਾਮਲ ਨੂੰ ਜੋ ਕਾਦੀਆਂ ਨਿਵਾਸੀ ਹੈ ਅਤੇ ਹੁਣ ਤਕ ਜਿਉਂਦਾ ਹੈ ਉਹ ਇਲਹਾਮ ਲਿਖਕੇ ਦਿੱਤਾ ਅਤੇ ਸਾਰਾ ਕਿੱਸਾ ਸੁਣਾਇਆ ਅਤੇ ਉਸਨੂੰ ਅਮ੍ਰਿਤਸਰ ਭੇਜਿਆ ਕਿ ਉਹ ਹਕੀਮ ਮੌਲਵੀ ਮੁਹੰਮਦ ਸਰੀਫ਼ ਕਲਾਨੌਰੀ ਦੇ ਰਾਹੀਂ ਇਸਨੂੰ ਨਗੀਨੇ ਵਿੱਚ ਖ਼ੁਦਵਾਕੇ ਅਤੇ ਮੁਹਰ ਬਣਵਾਕੇ ਲੈ ਆਵੇ ਅਤੇ ਮੈਂ ਇਸ ਹਿੰਦੂ ਨੂੰ ਇਸ ਕੰਮ ਲਈ ਕੇਵਲ ਇਸ ਲਈ ਨਿਯੁਕਤ ਕੀਤਾ ਕਿ ਉਹ ਇਸ ਮਹਾਨ ਭਵਿਖਬਾਣੀ ਦਾ ਗਵਾਹ ਬਣ ਜਾਵੇ। ਮੌਲਵੀ ਸਾਹਬ ਰਾਹੀਂ ਉਹ ਅੰਗੂਠੀ ਮਾਤਰ ਪੰਜ ਰੁਪਏ ਵਿੱਚ ਤਿਆਰ ਹੋ ਕੇ ਮੇਰੇ ਕੋਲ ਪਹੁੰਚ ਗਈ ਜੋ ਹੁਣ ਤੱਕ ਮੇਰੇ ਕੋਲ ਹੈ ਜਿਸਦਾ ਨਿਸ਼ਾਨ ਇਹ ਹੈ :-



ਭਾਵ, ਜਿਸ ਦਿਨ ਹਜ਼ਰਤ ਸਾਹਬ ਦੇ ਪਿਤਾ ਜੀ ਪੂਰੇ ਹੋਏ ਸੀ ਉਸੇ ਦਿਨ ਮਗ਼ਰਿਬ ਤੋਂ ਕੁਝ ਘੰਟੇ ਪਹਿਲਾਂ ਉਹਨਾਂ ਦੀ ਮੌਤ ਦੀ ਸੂਚਨਾ ਆਪਨੂੰ ਦੇ ਦਿੱਤੀ ਗਈ ਅਤੇ ਮਗਰੋਂ ਖ਼ੁਦਾ ਤਆਲਾ ਨੇ ਤਸੱਲੀ ਦੇ ਦਿੱਤੀ ਕਿ ਘਬਰਾਓ ਨਹੀਂ ਅਲੱਾਹ ਤਆਲਾ ਆਪ ਹੀ ਤੁਹਾਡਾ ਪ੍ਰਬੰਧ ਫ਼ਰਮਾਏਗਾ। ਜਿਸ ਦਿਨ ਇਹ ਇਲਹਾਮ ਹੋਏ ਉਸੇ ਦਿਨ ਸ਼ਾਮ ਨੂੰ ਮਗ਼ਰਿਬ ਮਗਰੋਂ ਆਪਦੇ ਪਿਤਾ ਜੀ ਪੂਰੇ ਹੋ ਗਏ ਅਤੇ ਆਪਦੇ ਜੀਵਨ ਦਾ ਇਕ ਨਵਾ ਸਮਾਂ ਸ਼ੁਰੂ ਹੋਇਆ।

# ਕੁਝ ਔਕੜਾਂ ਅਤੇ ਆਪਦੀ ਸ਼ਹਿਨਸ਼ੀਲਤਾ

ਆਪਦੇ ਪਿਤਾ ਜੀ ਦੀ ਜਾਇਦਾਦ ਕੁਝ ਮਕਾਨ ਅਤੇ ਦੁਕਾਨਾਂ ਬਟਾਲਾ, ਅਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਸਨ ਅਤੇ ਕੁਝ ਮਕਾਨ ਅਤੇ ਦੁਕਾਨਾ ਅਤੇ ਜ਼ਮੀਨ ਕਾਦੀਆਂ ਵਿੱਚ ਸੀ, ਕਿਉਂਕਿ ਆਪ ਦੋ ਭਰਾ ਸਨ ਇਸ ਲਈ ਸ਼ਰਾਅ (ਇਸਲਾਮੀ ਕਾਨੂਨੀ) ਅਤੇ ਮੁਲਕੀ ਕਾਨੂਨ ਅਨੁਸਾਰ ਉਹ ਦੋਹਾਂ ਦੇ ਹਿੱਸੇ ਵਿੱਚ ਆਉਂਦੀ ਸੀ ਕਿਉਂਕਿ ਆਪ ਦਾ ਹਿੱਸਾ ਆਪਦੇ ਗੁਜ਼ਾਰੇ ਲਈ ਬਹੁਤ ਸੀ ਪਰ ਆਪਜੀ ਨੇ ਆਪਣੇ ਵੱਡੇ ਭਾਈ ਸਾਹਬ ਤੋਂ ਉਹ ਜਾਇਦਾਦ ਵੰਡਾਈ ਨਹੀਂ। ਜੋ ਕੁਝ ਉਹ ਦੇ ਦਿੰਦੇ ਉਸੇ 'ਤੇ ਗੁਜ਼ਾਰਾ ਕਰ ਲੈਂਦੇ ਅਤੇ ਇਸ ਪ੍ਰਕਾਰ ਉਹ ਪਿਤਾ ਜੀ ਦੇ ਉਤਰਾਧਿਕਾਰੀ ਹੋ ਗਏ। ਪਰ ਕਿਉਂਕਿ ਉਹ ਮੁਲਾਜ਼ਮ ਸਨ ਅਤੇ ਗੁਰਦਾਸਪੁਰ ਰਹਿੰਦੇ ਸਨ ਇਸ ਲਈ ਉਹਨਾਂ ਦਿਨਾਂ ਆਪ ਨੂੰ ਬਹੁਤ ਕਠਿਨਾਈ ਹੋ ਗਈ। ਇੱਥੋਂ ਤਕ ਕਿ ਜੀਵਨ ਦੀਆਂ ਜ਼ਰੂਰੀ ਚੀਜ਼ਾਂ ਪ੍ਰਾਪਤ ਕਰਨ ਵਿੱਚ ਵੀ ਆਪਨੂੰ ਔਕੜ ਆਉਂਦੀ ਅਤੇ ਇਹ ਔਕੜ ਆਪ ਨੂੰ ਆਪਦੇ ਭਾਈ ਸਾਹਬ ਦੇ ਪੂਰੇ ਹੋਣ ਤਕ ਰਹੀ, ਭਾਵ ਇਹ ਸਮਾਂ ਆਪ ਲਈ ਪਰੀਖਿਆ ਦਾ ਸੀ। ਆਪਨੇ ਉਹਨਾਂ ਪਰੀਖਿਆ ਦੇ ਦਿਨਾਂ ਵਿੱਚ ਧੀਰਜ ਤੇ ਸਹਿਨਸ਼ੀਲਤਾ ਨਾਲ ਕੰਮ ਲਿਆ। ਉਹ ਆਪਦੇ ਉੱਚ ਦਰਜੇ ਦਾ ਖੁੱਲਾ ਨਿਸ਼ਾਨ ਹੈ। ਕਿਉਂਕਿ ਆਪਦਾ-ਆਪਣੇ ਪਿਤਾ ਜੀ ਦੀ ਸੰਪਤੀ ਉੱਪਰ ਬਰਾਬਰ ਦਾ ਹਿੱਸਾ ਹੁੰਦਿਆ ਹੋਇਆਂ ਵੀ ਆਪਨੇ ਉਨ੍ਹਾਂ ਦਾ ਸੰਸਾਰ ਤੋਂ ਪ੍ਰੇਮ ਦੇਖਕੇ ਉਹਨਾਂ ਤੋਂ ਹਿੱਸਾ ਨ ਮੰਗਿਆ। ਕੇਵੱਲ ਖਾਣੇ ਤੇ ਕਪੜੇ ਉੱਪਰ ਹੀ ਗੁਜ਼ਾਰਾ ਕੀਤਾ। ਆਪਦੇ ਭਾਈ ਸਾਹਬ ਵੀ ਆਪਣੇ ਸਵਭਾਵ ਅਨੁਸਾਰ ਆਪਦੀਆਂ ਲੋੜਾਂ ਪੂਰੀਆਂ ਕਰਨ ਦਾ ਜਤਨ ਕਰਦੇ ਸਨ ਅਤੇ ਆਪ ਨਾਲ ਇਕ ਸੀਮਾ ਤਕ ਪ੍ਰੇਮ ਕਰਦੇ ਸਨ ਅਤੇ ਸਨਮਾਨ ਵੀ ਕਰਦੇ ਸਨ ਪਰ ਕਿਉਂਕਿ ਉਹ ਦੁਨੀਆਦਾਰੀ ਵਿੱਚ ਲੀਨ ਸਨ ਅਤੇ ਹਜ਼ਰਤ ਸਾਹਬ ਦੁਨੀਆਂ ਤੋਂ ਬਿਲਕੁਲ ਅਲਗ ਸਨ। ਇਸ ਲਈ ਉਹ ਆਪ ਨੂੰ ਸੰਸਾਰਕ ਲੋੜਾਂ ਤੋਂ ਅਣਪਛਾਤਾ ਤੇ ਸੁਸਤ ਸਮਝਦੇ ਸਨ। ਅਤੇ ਕਈ ਵਾਰ ਇਸ ਗਲ ਉੱਪਰ ਅਫ਼ਸੋਸ ਵੀ ਕਰਦੇ ਸਨ ਕਿ ਆਪ ਕਿਸੇ ਕੰਮ ਵਲ ਧਿਆਨ ਨਹੀਂ ਦਿੰਦੇ। ਇਕ ਵਾਰ ਕਿਸੇ ਅਖ਼ਬਾਰ ਦੇ ਮੰਗਵਾਉਣ ਲਈ ਆਪਨੇ ਉਹਨਾਂ ਤੋਂ ਇਕ ਛੋਟੀ ਜਿਹੀ ਰਕਮ ਮੰਗਵਾਈ ਤਾਂ ਉਹਨਾਂ ਨੇ ਬਾਵਜੂਦ ਇਸਦੇ ਕਿ ਜਾਇਦਾਦ ਉੱਪਰ ਕਾਬਜ਼ ਸਨ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਇਹ ਫਜ਼ੂਲ-ਖਰਚੀ ਹੈ, ਕੰਮ ਤਾਂ ਕੁਝ ਕਰਦੇ ਨਹੀਂ ਅਤੇ ਐਂਵੇ ਹੀ ਬੈਠੇ ਕਿਤਾਬਾਂ ਤੇ ਅਖਬਾਰ ਦਾ ਅਧਿਐਨ ਕਰਦੇ ਰਹਿੰਦੇ ਹਨ। ਭਾਵ ਭਾਈ ਸਾਹਬ ਦੁਨੀਆਦਾਰੀ ਵਿੱਚ ਲੀਨ ਹੋਣ ਕਰਕੇ ਆਪ

ਦੀਆਂ ਲੋੜਾਂ ਨੂੰ ਨ ਆਪ ਸਮਝ ਸਕਦੇ ਸਨ ਅਤੇ ਨ ਹੀ ਉਹਨਾਂ ਨੂੰ ਪੂਰਾ ਕਰਨ ਵੱਲ ਧਿਆਨ ਦਿੰਦੇ ਸਨ, ਜਿਸ ਕਾਰਨ ਆਪਨੂੰ ਬਹੁਤ ਦੁਖ ਹੁੰਦਾ ਪਰ ਇਸ ਤੋਂ ਵੀ ਵੱਧ ਦੁੱਖ ਦੀ ਗਲ ਇਹ ਸੀ ਕਿ ਭਾਈ ਸਾਹਬ ਅਕਸਰ ਕਾਦੀਆਂ ਤੋਂ ਬਾਹਰ ਰਹਿੰਦੇ ਸਨ ਅਤੇ ਉਹਨਾ ਦੇ ਮਗਰੋਂ ਉਹਨਾਂ ਦੇ ਪ੍ਰਬੰਧਕ ਆਪਨੂੰ ਤੰਗ ਕਰਨ ਲਈ ਵਿਸ਼ੇਸ਼ ਜਤਨ ਕਰਦੇ ਰਹਿੰਦੇ।

# ਆਪਦੀ ਤਪੱਸਿਆ, ਤਿਆਗ ਅਤੇ ਇਸਲਾਮ ਦੀ ਸੇਵਾ

ਇਹਨਾਂ ਦਿਨਾਂ ਵਿੱਚ ਆਪਨੂੰ ਦੱਸਿਆ ਗਿਆ ਕਿ ਇਲਾਹੀ ਨੇਅਮਤਾਂ ਨੂੰ ਪ੍ਰਾਪਤ ਕਰਨ ਲਈ ਕੁਝ ਤਪੱਸਿਆ ਦੀ ਵੀ ਲੋੜ ਹੈ ਅਤੇ ਇਹ ਕਿ ਆਪਨੂੰ ਰੋਜ਼ੇ ਰੱਖਣੇ ਚਾਹੀਦੇ ਹਨ। ਇਸ ਹੁਕਮ ਹੇਠ ਆਪਨੇ ਲਗਾਤਾਰ ਛੇ ਮਹੀਨੇ ਰੋਜ਼ੇ ਰੱਖੇ ਅਤੇ ਕਈ ਵਾਰ ਅਜੇਹਾ ਹੁੰਦਾ ਕਿ ਆਪਦਾ ਖਾਣਾ ਜਦ ਘਰੋਂ ਆਉਂਦਾ ਤਾਂ ਆਪ ਕੁਝ ਗ਼ਰੀਬਾਂ ਵਿੱਚ ਵੰਡ ਦਿੰਦੇ ਅਤੇ ਜਦ ਰੋਜ਼ਾ ਖੋਲਕੇ ਘਰੋਂ ਖਾਣਾ ਮੰਗਵਾਉਂਦੇ ਤਾਂ ਉੱਥੋਂ ਸਾਫ਼ ਉੱਤਰ ਮਿਲਦਾ ਅਤੇ ਆਪ ਕੇਵਲ ਪਾਣੀ ਜਾਂ ਕਿਸੇ ਅਜੇਹੀ ਹੀ ਚੀਜ਼ ਨਾਲ ਸਮਾਂ ਲੰਘਾਉਂਦੇ ਅਤੇ ਸਵੇਰੇ ਫਿਰ ਅੱਠ-ਪਹਿਰਾ ਹੀ ਰੋਜ਼ਾ ਰੱਖ ਲੈਂਦੇ। ਭਾਵ ਇਹ ਸਮਾਂ ਆਪ ਲਈ ਕਰੜੀ ਤਪੱਸਿਆ ਦਾ ਸਮਾਂ ਸੀ। ਜਿਸ ਨੂੰ ਆਪਨੇ ਬੜੇ ਹੀ ਠਰ੍ਹਮੇ ਅਤੇ ਸਬਰ ਨਾਲ ਲੰਘਾਇਆ। ਸਖ਼ਤ ਤੋਂ ਸਖ਼ਤ ਸਮੇਂ ਵਿੱਚ ਵੀ ਆਪਨੇ ਕਦੇ ਵੀ ਜਾਇਦਾਦ ਵਿੱਚੋਂ ਅਪਣਾ ਹਿੱਸਾ ਲੈਣ ਦੀ ਗਲ ਤੱਕ ਨਾ ਕੀਤੀ।

ਨ ਕੇਵਲ ਰੋਜ਼ਿਆਂ ਦੇ ਦਿਨਾਂ ਵਿੱਚ ਸਗੋਂ ਆਮ ਵੀ ਆਪ ਦੀ ਆਦਤ ਸੀ ਕਿ ਹਮੇਸ਼ਾ ਖਾਣਾ ਗ਼ਰੀਬਾਂ ਵਿੱਚ ਵੰਡ ਦਿੰਦੇ ਸਨ ਅਤੇ ਕਈ ਵਾਰੀ ਇਕ ਰੋਟੀ ਦਾ ਅੱਧਾ ਜੋ ਇੱਕ ਛਟਾਂਕ ਤੋਂ ਵੱਧ ਨਹੀਂ ਹੋ ਸਕਦਾ ਆਪ ਲਈ ਬਚਦਾ ਸੀ ਅਤੇ ਆਪ ਉਸੇ ਤੇ ਗੁਜ਼ਾਰਾ ਕਰਦੇ ਸਨ। ਕਈ ਵਾਰੀ ਕੇਵਲ ਚਨੇ ਭੁਨਵਾ ਕੇ ਖਾ ਲੈਂਦੇ ਅਤੇ ਆਪਣਾ ਖਾਣਾ ਗ਼ਰੀਬਾਂ ਨੂੰ ਦੇ ਦਿੰਦੇ। ਇਸ ਲਈ ਕਈ ਗ਼ਰੀਬ ਆਪ ਨਾਲ ਰਹਿੰਦੇ ਸਨ ਅਤੇ ਦੋਹਾਂ ਭਰਾਵਾਂ ਦੀਆਂ ਸਭਾਵਾਂ ਵਿੱਚ ਜ਼ਮੀਨ-ਅਸਮਾਨ ਦਾ ਅੰਤਰ ਸੀ। ਇਕ ਭਰਾ ਦੀ ਸਭਾ ਵਿੱਚ ਸਾਰੇ ਖਾਂਦੇ-ਪੀਂਦੇ ਆਦਮੀ ਜਮਾ ਹੁੰਦੇ ਸਨ ਅਤੇ ਦੂਸਰੇ ਭਰਾ ਦੀ ਸਭਾ ਵਿੱਚ ਗ਼ਰੀਬਾ ਅਤੇ ਲੋੜਵੰਦਾ ਦਾ ਸਮੂਹ ਸੀ ਜਿੰਨ੍ਹਾਂ ਨੂੰ ਉਹ ਆਪਣੀ ਥੋੜੀ ਜਿਹੀ ਖ਼ੁਰਾਕ ਵਿੱਚ ਸ਼ਾਮਲ ਕਰਦਾ ਸੀ ਅਤੇ ਆਪਣੀ ਜਾਨ 'ਤੇ ਉਹਨਾਂ ਨੂੰ ਪਹਿਲ ਦਿੰਦਾ ਸੀ।

ਇਹਨਾਂ ਦਿਨਾਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਇਸਲਾਮ

ਦੀ ਸੇਵਾ ਲਈ ਜਤਨ ਸ਼ੁਰੂ ਕੀਤੇ ਅਤੇ ਮਸੀਹੀਆਂ ਤੇ ਆਰੀਆਂ ਦੇ ਮੁਕਾਬਲੇ ਵਿੱਚ ਅਖ਼ਬਾਰਾਂ ਵਿੱਚ ਲੇਖ ਲਿਖਣੇ ਸ਼ੁਰੂ ਕੀਤੇ ਜਿਸ ਕਰਕੇ ਆਪਦਾ ਨਾਂ ਆਪਣੇ ਆਪ ਗੁਮਨਾਮੀ ਵਿੱਚੋਂ ਨਿਕਲ ਕੇ ਪ੍ਰਸਿੱਧੀ ਦੇ ਮੈਦਾਨ ਵਿੱਚ ਆ ਗਿਆ। ਪਰ ਆਪ ਖੁਦ ਉਸੇ ਗੁਮਨਾਮੀ ਵਿੱਚ ਸਨ ਅਤੇ ਬਾਹਰ ਘੱਟ ਹੀ ਨਿਕਲਦੇ ਸਨ ਸਗੋਂ ਮਸਜਿਦ ਦੇ ਇਕ ਕਮਰੇ ਵਿੱਚ ਜੋ ਕੇਵਲ 5-6 ਫ਼ੁਟ ਦੇ ਲਗਭਗ ਲੰਮਾ ਚੌੜਾ ਸੀ ਰਹਿੰਦੇ ਸਨ ਅਤੇ ਜੇ ਕਰ ਕੋਈ ਵਿਅਕਤੀ ਮਿਲਣ ਆ ਜਾਂਦਾ ਤਾਂ ਮਸਜਿਦ ਤੋਂ ਬਾਹਰ ਨਿਕਲ ਕੇ ਬੈਠ ਜਾਂਦੇ ਜਾਂ ਘਰ ਵਿੱਚ ਆ ਕੇ ਬੈਠੇ ਰਹਿੰਦੇ ਭਾਵ ਇਸ ਸਮੇਂ ਆਪਦਾ ਨਾਂ ਤਾਂ ਬਾਹਰ ਨਿਕਲਨਾ ਸ਼ੁਰੂ ਹੋਇਆ ਪਰ ਆਪ ਖ਼ੁੱਦ ਬਾਹਰ ਨ ਨਿਕਲੇ ਸਗੋਂ ਉਸੇ ਗੁਮਨਾਮੀ ਵਿੱਚ ਜੀਵਨ ਬਤੀਤ ਕਰਦੇ।

ਇਹਨਾਂ ਤਪੱਸਿਆਵਾਂ ਦੇ ਦਿਨਾਂ ਵਿੱਚ ਆਪਨੂੰ ਲਗਾਤਾਰ ਇਲਹਾਮ ਹੋਣੇ ਅਰੰਭ ਹੋ ਗਏ ਅਤੇ ਕੁਝ ਅਪ੍ਰਗਟ ਕਾਰਜਾਂ ਬਾਰੇ ਵੀ ਸੂਚਨਾ ਮਿਲਦੀ ਰਹਿੰਦੀ ਜੋ ਆਪਣੇ ਸਮੇਂ 'ਤੇ ਪੂਰੇ ਹੋ ਜਾਂਦੇ ਅਤੇ ਆਪਦੇ ਈਮਾਨ (ਆਸਥਾ) ਦੇ ਵੱਧ ਹੋਣ ਦਾ ਕਾਰਣ ਹੁੰਦੇ ਅਤੇ ਆਪਦੇ ਮਿੱਤਰ ਜਿਹਨਾਂ ਵਿੱਚ ਕੁਝ ਹਿੰਦੂ ਅਤੇ ਸਿੱਖ ਵੀ ਸ਼ਾਮਲ ਸਨ, ਇਹਨਾਂ ਗੱਲਾਂ ਨੂੰ ਦੇਖ-ਦੇਖ ਕੇ ਹੈਰਾਨ ਹੁੰਦੇ।

## ਵਿਗਿਆਪਨ ਪੁਸਤਕ ਬਰਾਹੀਨ ਅਹਮਦੀਆ

ਪਹਿਲਾਂ ਤਾਂ ਆਪਨੇ ਕੇਵਲ ਅਖ਼ਬਾਰਾਂ ਵਿੱਚ ਲੇਖ ਦੇਣੇ ਸ਼ੁਰੂ ਕੀਤੇ ਪਰ ਜਦ ਦੇਖਿਆ ਕਿ ਇਸਲਾਮ ਦੇ ਦੁਸ਼ਮਨ ਆਪਣੇ ਹਮਲੇ ਵਿੱਚ ਵੱਧਦੇ ਜਾਂਦੇ ਹਨ ਅਤੇ ਮੁਸਲਮਾਨ ਉਹਨਾਂ ਹਮਲਿਆਂ ਨੂੰ ਨਾ ਝਲਦੇ ਹੋਏ ਪਿੱਛੇ ਹਟ ਰਹੇ ਹਨ ਤਾਂ ਆਪਦੇ ਦਿਲ ਵਿੱਚ ਇਸਲਾਮ ਦੀ ਗ਼ੈਰਤ ਨੇ ਜੋਸ਼ ਮਾਰਿਆ ਅਤੇ ਆਪਨੇ ਅਲੱਾਹ-ਤਆਲਾ ਦੇ ਇਲਹਾਮ ਤੇ ਇਲਾਹੀ ਸੰਦੇਸ਼ ਹੇਠ ਮਾਮੂਰ ਹੋ ਕੇ ਇਰਾਦਾ ਕੀਤਾ ਕਿ ਇਕ ਅਜੇਹੀ ਪੁਸਤਕ ਲਿਖੀ ਜਾਵੇ ਜਿਸ ਵਿੱਚ ਇਸਲਾਮ ਦੀ ਸੱਚਾਈ ਦੇ ਉਹ ਸਿੱਧਾਂਤ ਵਰਨਣ ਕੀਤੇ ਜਾਣ ਜਿਹਨਾਂ ਦੇ ਮੁਕਾਬਲੇ ਤੋਂ ਵਿਰੋਧੀ ਪਸਤ ਹੋਣ ਅਤੇ ਭਵਿੱਖ ਵਿੱਚ ਉਹਨਾਂ ਨੂੰ ਇਸਲਾਮ ਦੇ ਮੁਕਾਬਲੇ ਦੀ ਜੁੱਰਤ ਹੀ ਨ ਹੋਵੇ ਅਤੇ ਜੇਕਰ ਉਹ ਮੁਕਾਬਲਾ ਕਰਨ ਤਾਂ ਹਰ ਇਕ ਮੁਸਲਮਾਨ ਉਹਨਾਂ ਦੇ ਹਮਲੇ ਨੂੰ ਅਸਫ਼ਲ ਕਰ ਸਕੇ। ਇਸ ਲਈ ਇਸ ਇਰਾਦੇ ਨਾਲ ਆਪਨੇ ਉਹ ਮਹਾਨ ਕਿਤਾਬ ਲਿਖਣੀ ਸ਼ੁਰੂ ਕੀਤੀ ਜੋ 'ਬਰਾਹੀਨ ਅਹਮਦੀਆ' ਦੇ ਨਾਂ ਤੋਂ ਮਸ਼ਹੂਰ ਹੈ ਅਤੇ ਜਿਸ ਦੀ ਉਦਾਹਰਣ ਕਿਸੇ ਮਨੁੱਖ ਦੀ ਲੇਖ ਵਿੱਚ ਨਹੀਂ ਮਿਲਦੀ ਜਦ ਇਕ ਭਾਗ ਲੇਖ ਦਾ ਤਿਆਰ ਹੋ

ਗਿਆ ਤਾਂ ਉਸ ਦੇ ਪ੍ਰਕਾਸ਼ਨ ਲਈ ਵੱਖ-ਵੱਖ ਥਾਵਾਂ ਤੇ ਲੋਕਾਂ ਨੂੰ ਪ੍ਰੇਰਿਤ ਕੀਤਾ ਅਤੇ ਕੁਝ ਲੋਕਾਂ ਦੀ ਸਹਾਇਤਾ ਨਾਲ ਜੋ ਆਪਦੇ ਲੇਖਾਂ ਕਾਰਨ ਪਹਿਲਾਂ ਹੀ ਆਪਦੀ ਯੋਗਤਾ ਤੋਂ ਸਹਿਮਤ ਸਨ ਇਸ ਦਾ ਪਹਿਲਾ ਭਾਗ ਜੋ ਕੇਵਲ ਵਿਗਿਆਪਨ ਦੇ ਰੂਪ ਵਿੱਚ ਸੀ, ਪ੍ਰਕਾਸ਼ਤ ਕੀਤਾ ਗਿਆ।

ਇਸ ਭਾਗ ਦਾ ਪ੍ਰਕਾਸ਼ਤ ਹੋਣਾ ਸੀ ਕਿ ਦੇਸ਼ ਭਰ ਵਿੱਚ ਸ਼ੋਰ ਪੈ ਗਿਆ ਅਤੇ ਬੇਸ਼ਕ ਪਹਿਲਾ ਭਾਗ ਕੇਵਲ ਕਿਤਾਬ ਦਾ ਵਿਗਿਆਪਨ ਸੀ ਪਰ ਉਸ ਵਿੱਚ ਵੀ ਸੱਚਾਈ ਨੂੰ ਸਿੱਧ ਕਰਨ ਲਈ ਅਜੇਹੇ ਉਸੂਲ ਦੱਸੇ ਗਏ ਸਨ ਕਿ ਹਰ ਇਕ ਵਿਅਕਤੀ ਜਿਸਨੇ ਉਸਨੂੰ ਦੇਖਿਆ ਇਸ ਕਿਤਾਬ ਦੀ ਵੱਡਿਆਈ ਦਾ ਵਕਤਾ ਬਣ ਗਿਆ। ਇਸ ਵਿਗਿਆਪਨ ਵਿਚ ਆਪ ਨੇ ਇਹ ਸ਼ਰਤ ਰੱਖੀ ਸੀ ਕਿ ਉਹ ਖੂਬੀਆਂ ਜੋ ਆਪ ਇਸਲਾਮ ਦੀਆਂ ਵਰਨਣ ਕਰਨਗੇ ਜੇਕਰ ਉਹੋ ਖੂਬੀਆਂ ਕਿਸੇ ਹੋਰ ਧਰਮ ਦਾ ਪੈਰੋਕਾਰ ਆਪਣੇ ਧਰਮ ਵਿੱਚ ਦਿਖਾ ਦੇਵੇ ਜਾਂ ਉਹਨਾਂ ਦਾ ਅੱਧ ਸਗੋਂ ਚੌਥਾ ਹਿੱਸਾ ਆਪਣੇ ਧਰਮ ਵਿੱਚ ਸਿੱਧ ਕਰ ਦੇਵੇ ਤਾਂ ਆਪ ਆਪਣੀ ਸਾਰੀ ਜਾਇਦਾਦ ਜਿਸਦਾ ਮੁਲ ਦਸ ਹਜ਼ਾਰ ਰੁਪਏ ਦੇ ਲਗਭਗ ਹੋਏਗੀ ਉਸਨੂੰ ਇਨਾਮ ਵੱਜੋਂ ਦੇਣਗੇ। (ਇਹ ਇਕ ਹੀ ਮੌਕਾ ਹੈ ਜਿਸ ਵਿੱਚ ਆਪਨੇ ਆਪਣੀ ਜਾਇਦਾਦ ਤੋਂ ਉਸ ਸਮੇਂ ਲਾਭ ਚੁੱਕਿਆ ਅਤੇ ਇਸਲਾਮ ਦੀਆਂ ਖੂਬੀਆਂ ਵਰਨਣ ਕਰਨ ਲਈ ਇਨਾਮ ਵੱਜੋਂ ਨਿਯੁਕਤ ਕੀਤਾ ਤਾਂ ਜੋ ਵੱਖ-ਵੱਖ ਧਰਮਾ ਦੇ ਪੈਰੋਕਾਰ ਕਿਸੇ ਪ੍ਰਕਾਰ ਮੁਕਾਬਲੇ ਵਿੱਚ ਆ ਜਾਣ ਅਤੇ ਇਸ ਪ੍ਰਕਾਰ ਇਸਲਾਮ ਦੀ ਫ਼ਤਹਿ ਸਿੱਧ ਹੋਵੇ।)

ਇਹ ਪਹਿਲਾ ਭਾਗ 1880 ਈ. ਵਿੱਚ ਪ੍ਰਕਾਸ਼ਤ ਹੋਇਆ। ਫ਼ਿਰ ਇਸ ਕਿਤਾਬ ਦਾ ਦੂਸਰਾ ਭਾਗ 1881 ਈ. ਵਿੱਚ ਅਤੇ ਤੀਜਾ ਭਾਗ 1882 ਈ. ਅਤੇ ਚੌਥਾ ਭਾਗ 1884 ਈ. ਵਿੱਚ ਪ੍ਰਕਾਸਤ ਹੋਇਆ। ਭਾਵ ਜਿਸ ਢੰਗ ਵਿੱਚ ਆਪਦਾ ਉਦੇਸ਼ ਕਿਤਾਬ ਲਿਖਣ ਦਾ ਸੀ ਉਹ ਵਿੱਚ ਹੀ ਰਹਿ ਗਿਆ ਕਿਉਂਕਿ ਇਸ ਕਿਤਾਬ ਦੇ ਲਿਖਦਿਆਂ ਵਿੱਚਕਾਰ ਹੀ ਆਪਨੂੰ ਇਲਹਾਮ ਰਾਹੀਂ ਦੱਸਿਆ ਗਿਆ ਕਿ ਆਪ ਲਈ ਇਸਲਾਮ ਦੇ ਪ੍ਰਚਾਰ ਦੀ ਸੇਵਾ ਕਿਸੇ ਹੋਰ ਰੰਗ ਵਿੱਚ ਮੁਕੱਦਰ ਹੈ ਪਰ ਜੋ ਕੁਝ ਇਸ ਕਿਤਾਬ ਵਿੱਚ ਲਿਖਿਆ ਗਿਆ ਉਹੋ ਦੁਨੀਆਂ ਦੀਆਂ ਅੱਖਾਂ ਖੋਲਣ ਲਈ ਬਹੁਤ ਸੀ।

ਇਸ ਕਿਤਾਬ ਦੇ ਪ੍ਰਕਾਸ਼ਨ ਮਗਰੋਂ ਆਪਦੇ ਮਿੱਤਰਾਂ ਤੇ ਵੈਰੀਆਂ ਸਾਰਿਆਂ ਨੂੰ ਆਪਦੀ ਯੋਗਤਾ ਨੂੰ ਮਨਣਾ ਪਿਆ ਅਤੇ ਇਸਲਾਮ ਦੇ ਦੁਸ਼ਮਨਾਂ 'ਤੇ ਅਜੇਹਾ ਰੋਹਬ ਪਿਆ ਕਿ ਉਹਨਾਂ ਵਿੱਚੋਂ ਕੋਈ ਇਸ ਕਿਤਾਬ ਦਾ ਉੱਤਰ ਨ ਦੇ ਸਕਿਆ। ਮੁਸਲਮਾਨਾ ਨੂੰ ਐਨ੍ਹੀ ਖੁਸ਼ੀ ਹੋਈ ਕਿ ਉਹ ਆਪਦੇ ਦਾਅਵੇ ਤੋਂ ਬਿਨ੍ਹਾਂ ਹੀ ਆਪਨੂੰ ਮੁਜੱਦਿਦ (ਸਮੇਂ ਦਾ ਸੁਧਾਰਕ) ਮਨਣ ਲਗ ਪਏ। ਅਤੇ ਉਸ ਸਮੇਂ ਦੇ ਵੱਡੇ-ਵੱਡੇ

ਮੌਲਵੀ ਆਪਦੀ ਯੋਗਤਾ ਦਾ ਲੋਹਾ ਮਨ ਗਏ। ਮੌਲਵੀ ਮੁਹੰਮਦ ਹੁਸੈਨ ਬਟਾਲਵੀ ਜੋ ਉਸ ਸਮੇਂ ਸਾਰੇ ਐਹਲੇ ਹਦੀਸ ਅਤੇ ਵਹਾਬੀ ਫ਼ਿਰਕੇ ਦੇ ਲੀਡਰ ਸਨ ਅਤੇ ਵਹਾਬੀ ਫ਼ਿਰਕੇ ਵਿੱਚ ਵਿਸ਼ੇਸ਼ ਰੁਤਬਾ ਹਾਸਲ ਸੀ ਅਤੇ ਇਸੇ ਕਾਰਨ ਸਰਕਾਰ ਵਿੱਚ ਵੀ ਉਹਨਾਂ ਦਾ ਮਾਨ ਸੀ ਉਹਨਾ ਨੇ ਇਸ ਕਿਤਾਬ ਦੀ ਵੱਡਿਆਈ ਵਿੱਚ ਇਕ ਲੰਮਾ ਆਰਟੀਕਲ ਲਿਖਿਆ ਅਤੇ ਵੱਡੇ ਜ਼ੋਰ ਨਾਲ ਇਸ ਦਾ ਪੱਖ ਪੂਰਿਆ ਅਤੇ ਲਿਖਿਆ ਕਿ ਤੇਰ੍ਹਾਂ ਸੌ ਸਾਲ ਵਿੱਚ ਇਸਲਾਮ ਦੇ ਪੱਖ ਵਿੱਚ ਅਜੇਹੀ ਕਿਤਾਬ ਕੋਈ ਨਹੀਂ ਲਿਖੀ ਗਈ।

## ਭਵਿਖਬਾਣੀਆਂ ਅਤੇ ਇਲਹਾਮਾਂ ਦੀ ਅਧਿਕਤਾ

ਇਸ ਕਿਤਾਬ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਨੇ ਆਪਣੇ ਕੁਝ ਇਲਹਾਮ ਵੀ ਲਿਖੇ ਹਨ ਜਿਨ੍ਹਾਂ ਵਿੱਚੋਂ ਕੁਝ ਦਾ ਵਰਨਣ ਕਰਨਾ ਉਚਿਤ ਹੋਵੇਗਾ। ਕਿਉਂਕਿ ਪਿੱਛੋਂ ਦੀਆਂ ਘਟਨਾਵਾਂ ਤੋਂ ਉਹਨਾਂ ਦੇ ਗ਼ਲਤ ਜਾਂ ਠੀਕ ਹੋਣ ਦਾ ਪਤਾ ਲਗਦਾ ਹੈ :-

*"ਦੁਨੀਆ ਵਿੱਚ ਇਕ ਨਜ਼ੀਰ (ਰੱਬੀ ਪ੍ਰਕੋਪਾਂ ਤੋਂ ਡਰਾਉਣ ਵਾਲਾ) ਆਇਆ, ਪਰ ਦੁਨੀਆ ਨੇ ਉਸਨੂੰ ਕੁਬੂਲ ਕਹੀਂ ਕੀਤਾ, ਪਰ ਖ਼ੁਦਾ ਉਸਨੂੰ ਕਬੂਲ ਕਰੇਗਾ ਅਤੇ ਵੱਡੇ ਜ਼ੋਰਦਾਰ ਹਮਲਿਆ ਨਾਲ ਉਸਦੀ ਸੱਚਾਈ ਪ੍ਰਗਟ ਕਰ ਦੇਵੇਗਾ।"*

*"ਯਾਤੀਕਾ ਮਿਨ ਕੁੱਲੇ ਫ਼ੱਜਿਨ ਅਮੀਕ, ਵ ਯਾਤੂਨਾ ਮਿਨ ਕੁੱਲੇ ਫ਼ੱਜਿਨ ਅਮੀਕ।"*

*"ਬਾਦਸ਼ਾਹ ਤੇਰੇ ਕਪੜਿਆਂ ਤੋਂ ਬਰਕਤ ਢੂੰਢਣਗੇ।"*

ਇਹ ਉਹ ਇਲਹਾਮ ਹਨ ਜੋ ਬਰਾਹੀਨ ਅਹਮਦੀਆ 1884 ਈ. ਵਿੱਚ ਪ੍ਰਕਾਸ਼ਤ ਕੀਤੇ ਗਏ ਸਨ ਜਦਕਿ ਆਪ ਦੁਨੀਆ ਵਿੱਚ ਨਿਮਾਣੇ ਜਿਹੇ ਵਿਅਕਤੀ ਦੀ ਹਾਲਤ ਵਿੱਚ ਸਨ, ਪਰ ਇਸ ਕਿਤਾਬ ਦਾ ਨਿਕਲਣਾ ਸੀ ਕਿ ਆਪਦੀ ਪ੍ਰਸਿੱਧੀ ਭਾਰਤ ਵਿੱਚ ਦੂਰ-ਦੂਰ ਤਕ ਫ਼ੈਲ ਗਈ ਅਤੇ ਬਹੁਤੇ ਲੋਕਾਂ ਦੀ ਨਜ਼ਰਾਂ ਬਰਾਹੀਨ ਅਹਮਦੀਆ ਦੇ ਲੇਖਕ ਵਲ ਲਗ ਗਈਆਂ ਕਿ ਇਸਲਾਮ ਦੀ ਕਿਸ਼ਤੀ ਦਾ ਚਾਲਕ ਹੋਵੇਗਾ ਅਤੇ ਇਸਨੂੰ ਦੁਸ਼ਮਨਾ ਦੇ ਹਮਲਿਆਂ ਤੋਂ ਬਚਾਏਗਾ। ਅਤੇ ਇਹ ਖ਼ਿਆਲ ਉਹਨਾਂ ਦਾ ਠੀਕ ਸੀ ਪਰ ਖ਼ੁਦਾ ਤਾਅਲਾ ਇਸ ਨੂੰ ਹੋਰ ਰੰਗ ਵਿੱਚ ਪੂਰਾ ਕਰਨ ਵਾਲਾ ਸੀ। ਅਤੇ ਘਟਨਾਵਾਂ ਇਹ ਸਿੱਧ ਕਰਨ ਵਾਲੀਆਂ ਸਨ ਕਿ ਜੋ ਲੋਕ ਇਹਨਾਂ

ਦਿਨਾਂ ਵਿਚ ਉਸਤੇ ਪ੍ਰਾਣ ਨਿਛਾਵਰ ਕਰਨ ਲਈ ਤਿਆਰ ਹੋ ਗਏ ਸਨ ਉਹੋ ਉਸਦੇ ਖ਼ੂਨ ਦੇ ਪਿਆਸੇ ਹੋ ਜਾਣਗੇ ਅਤੇ ਹਰ ਪ੍ਰਕਾਰ ਉਸਨੂੰ ਹਾਨੀ ਪਹੁੰਚਾਉਣ ਦਾ ਜਤਨ ਕਰਨਗੇ ਅਤੇ ਆਪ ਦੀ ਮਾਨਤਾ ਕਿਸੇ ਮਨੁੱਖੀ ਸਹਾਇਤਾ ਦੇ ਸਹਾਰੇ ਨਹੀਂ ਸਗੋਂ ਖ਼ੁਦਾ ਤਆਲਾ ਦੇ ਜ਼ੋਰਦਾਰ ਹਮਲਿਆ ਰਾਹੀਂ ਮੁਕੱਦਰ ਸੀ।

# ਆਪਦੇ ਭਾਈ ਸਾਹਬ ਦਾ ਦੇਹਾਂਤ

ਸਨ 1884 ਈ. ਵਿੱਚ ਆਪਦੇ ਭਾਈ ਸਾਹਬ ਦਾ ਵੀ ਦੇਹਾਂਤ ਹੋ ਗਿਆ। ਕਿਉਂਕਿ ਆਪਦੀ ਕੋਈ ਸੰਤਾਨ ਨਹੀਂ ਸੀ ਇਸ ਲਈ ਉਹਨਾਂ ਦੇ ਵਾਰਸ ਵੀ ਆਪ ਹੀ ਸਨ ਪਰ ਇਸ ਸਮੇਂ ਵੀ ਆਪਨੇ ਉਹਨਾ ਦੀ ਵਿਧਵਾ ਦੀ ਤਸੱਲੀ ਲਈ ਜਾਇਦਾਦ ਉਪੱਰ ਕਬਜ਼ਾ ਨਾ ਕੀਤਾ ਅਤੇ ਉਹਨਾ ਦੀ ਬੇਨਤੀ 'ਤੇ ਅੱਧ ਹਿੱਸਾ ਤਾਂ ਮਿਰਜ਼ਾ ਸੁਲਤਾਨ ਅਹਮਦ ਸਾਹਬ ਦੇ ਨਾਂ ਉੱਤੇ ਲਿੱਖ ਦਿੱਤਾ ਜਿਨ੍ਹਾਂ ਨੂੰ ਆਪਦੀ ਭਰਜਾਈ ਨੇ ਰਸਮੀ ਰੂਪ ਵਿੱਚ ਆਪਣਾ ਮੁੱਤਬੱਨਾ (ਗੋਦ ਲਿਆ ਪੁੱਤਰ) ਬਣਾਇਆ ਸੀ। ਆਪਨੇ ਮੁਤਬੱਨਾ ਦੇ ਪ੍ਰਸ਼ਨ 'ਤੇ ਸਪਸ਼ਟ ਲਿਖ ਦਿੱਤਾ ਕਿ ਇਸਲਾਮ ਵਿੱਚ ਜਾਇਜ਼ ਨਹੀਂ ਪਰ ਮਿਰਜ਼ਾ ਗ਼ੁਲਾਮ ਕਾਦਰ ਦੀ ਵਿਧਵਾ ਦੀ ਤਸੱਲੀ ਅਤੇ ਦੇਖ-ਰੇਖ ਲਈ ਆਪਣੀ ਜਾਇਦਾਦ ਦਾ ਅੱਧਾ-ਭਾਗ ਖੁਸ਼ੀ ਨਾਲ ਦੇ ਦਿੱਤਾ ਅਤੇ ਬਾਕੀ ਅੱਧਾ-ਭਾਗ ਉਤੇ ਵੀ ਖ਼ੁਦ ਆਪ ਕਬਜ਼ਾ ਨ ਕੀਤਾ ਸਗੋਂ ਚਿਰਾਂ ਤੱਕ ਆਪਦੇ ਸਕੇ ਸੰਬੰਧੀਆਂ ਦੇ ਹੀ ਕਬਜ਼ੇ ਵਿੱਚ ਰਿਹਾ।

# ਦੂਜਾ ਵਿਆਹ, ਲੋਕਾਂ ਦਾ ਝੁਕਾਅ ਅਤੇ ਦਾਅਵੇ ਦਾ ਐਲਾਨ

ਭਾਈ ਸਾਹਬ ਦੇ ਦੇਹਾਂਤ ਦੇ ਡੇਢ ਸਾਲ ਮਗਰੋਂ ਆਪ ਨੇ ਇਲਾਹੀ ਇਲਹਾਮ ਅਧੀਨ ਦੂਜਾ ਵਿਆਹ ਦਿੱਲੀ ਵਿੱਚ ਕੀਤਾ। ਕਿਉਂਕਿ 'ਬਰਾਹੀਨ ਅਹਮਦੀਆ' ਪ੍ਰਕਾਸ਼ਤ ਹੋ ਚੁਕੀ ਸੀ ਹੁਣ ਕੋਈ-ਕੋਈ ਵਿਅਕਤੀ ਆਪ ਨੂੰ ਦੇਖਣ ਲਈ ਆਉਣ ਲੱਗਾ ਸੀ ਅਤੇ ਕਾਦੀਆਂ ਜੋ ਦੁਨੀਆਂ ਤੋਂ ਬਿਲਕੁਲ ਇਕ ਕੰਢੇ 'ਤੇ ਹੈ, ਮਹੀਨੇ ਦੋ ਮਹੀਨੇ ਮਗਰੋਂ ਕਿਸੇ ਨ ਕਿਸੇ ਪਰਾਹੁਣੇ ਦੇ ਠਹਿਰਨ ਦੀ ਥਾਂ ਬਣ ਜਾਂਦਾ ਸੀ। ਕਿਉਂਕਿ ਲੋਕ 'ਬਰਾਹੀਨ ਅਹਮਦੀਆ' ਤੋਂ ਪਰਿਚਿਤ ਹੁੰਦੇ ਜਾਂਦੇ ਸਨ। ਆਪ ਦੀ ਸ਼ੁਹਰਤ ਵੱਧਦੀ ਜਾਂਦੀ ਸੀ ਅਤੇ ਇਹ ਬਰਾਹੀਨ ਅਹਿਮਦੀਆ ਹੀ ਸੀ ਜਿਸਨੂੰ

ਪੜ੍ਹਕੇ ਉਹ ਮਹਾਂਪੁਰਸ਼ ਜਿਸਦੀ ਯੋਗਤਾ ਅਤੇ ਗਿਆਨ ਨੂੰ ਸੱਜਣ ਅਤੇ ਵੈਰੀ ਮੰਨਦੇ ਸਨ ਅਤੇ ਜਿਸ ਸਮੂਹ ਵਿੱਚ ਉਹ ਬਹਿੰਦਾ ਸੀ ਭਾਂਵੇ ਉਹ ਯੂਰੋਪੀਅਨ ਹੋਵੇ ਜਾਂ ਦੇਸ਼ ਵਾਸੀਆਂ ਦਾ ਆਪਣੀ ਯੋਗਤਾ ਦੀ, ਧਾਕ ਉਨ੍ਹਾਂ ਤੋਂ ਮਨਵਾਉਂਦਾ ਸੀ, ਆਪਦਾ ਆਸ਼ਕ (ਪਿਆਰਾ) ਹੋ ਗਿਆ ਅਤੇ ਆਪ ਹਜ਼ਾਰਾਂ ਲੋਕਾਂ ਦਾ ਪਿਆਰਾ ਹੁੰਦਿਆ ਹੋਇਆ ਵੀ ਆਪਦਾ ਆਸ਼ਕ ਹੋਣਾ ਉਸਨੇ ਆਪਣਾ ਮਾਣ ਸਮਝਿਆ। ਮੇਰਾ ਭਾਵ ਮੇਰੇ ਉਸਤਾਦ ਮਾਨਯੋਗ ਹਜ਼ਰਤ ਹਾਫ਼ਜ਼ ਹਾਜੀ ਹਕੀਮ ਮੌਲਾਨਾ ਮੌਲਵੀ ਨੂਰੁੱਦੀਨ ਰ. ਅ. ਤੋਂ ਹੈ, ਜੋ ਬਰਾਹੀਨ ਅਹਮਦੀਆ ਦੇ ਪ੍ਰਕਾਸ਼ਨ ਸਮੇਂ ਜੰਮੂ ਵਿੱਚ ਮਹਾਰਾਜਾ ਸਾਹਬ ਦੇ ਖ਼ਾਸ ਤਬੀਬ ਸਨ। ਉਹਨਾ ਨੇ ਉੱਥੇ ਹੀ ਬਰਾਹੀਨ ਅਹਮਦੀਆ ਪੜ੍ਹੀ ਅਤੇ ਅਜੇਹੇ ਮੋਹਤ ਹੋਏ ਕਿ ਅੰਤਮ ਸਮੇਂ ਤਕ ਹਜ਼ਰਤ ਸਾਹਬ ਦਾ ਦਾਮਨ ਨ ਛੱਡਿਆ।

## ਬੈਅਤ ਦਾ ਆਰੰਭ ਅਤੇ ਪਹਿਲੀ ਬੈਅਤ

ਬਰਾਹੀਨ ਅਹਮਦੀਆ ਦਾ ਪ੍ਰਭਾਵ ਹੌਲੀ-ਹੌਲੀ ਵੱਧਣਾ ਸ਼ੁਰੂ ਹੋਇਆ ਅਤੇ ਕੁਝ ਲੋਕਾਂ ਨੇ ਆਪਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਆਪ ਬੈਅਤ ਲੈਣ ਪਰ ਆਪਨੇ ਬੈਅਤ ਲੈਣ ਤੋਂ ਨ ਕੀਤੀ ਅਤੇ ਇਹੋ ਉੱਤਰ ਦਿੱਤਾ ਕਿ ਸਾਡੇ ਸਾਰੇ ਕੰਮ ਖ਼ੁਦਾ-ਤਾਅਲਾ ਦੇ ਹੱਥ ਵਿੱਚ ਹਨ। ਇੱਥੋਂ ਤਕ ਕਿ ਦਸੰਬਰ 1888 ਈ. ਆਗਿਆ ਜਦ ਆਪ ਨੂੰ ਇਲਹਮ ਰਾਹੀਂ ਲੋਕਾਂ ਤੋਂ ਬੈਅਤ ਲੈਣ ਦਾ ਹੁਕਮ ਹੋਇਆ ਅਤੇ ਪਹਿਲੀ ਬੈਅਤ 1889 ਈ. ਵਿੱਚ ਲੁਧਿਆਣੇ ਵਿੱਚ ਜਿੱਥੇ ਮੀਆਂ ਅਹਿਮਦ ਜਾਨ ਨਾਮੀ ਇਕ ਸ਼ਰਧਾਲੂ ਸੀ ਉਹਨਾਂ ਦੇ ਘਰ ਹੋਈ ਅਤੇ ਸਾਰਿਆਂ ਤੋਂ ਪਹਿਲਾਂ ਹਜ਼ਰਤ ਹਾਫ਼ਜ਼ ਹਾਜੀ ਹਕੀਮ ਮੌਲਾਨਾ ਮੌਲਵੀ ਨੂਰੁੱਦੀਨ ਰ.ਅ. ਨੇ ਬੈਅਤ ਕੀਤੀ ਅਤੇ ਉਸ ਦਿਨ ਚਾਲ੍ਹੀ (40) ਵਿਅਕਤੀਆਂ ਨੇ ਬੈਅਤ ਕੀਤੀ ਇਸ ਮਗਰੋਂ ਹੌਲੀ-ਹੌਲੀ ਕੁਝ ਲੋਕ ਬੈਅਤ ਵਿੱਚ ਸ਼ਾਮਲ ਹੁੰਦੇ ਰਹੇ।

## ਮਸੀਹ ਮੌਊਦ ਹੋਣ ਦਾ ਦਾਅਵਾ ਅਤੇ ਉਸਦੀ ਘੋਸ਼ਣਾ

ਪਰ 1891 ਈ. ਵਿੱਚ ਇਕ ਹੋਰ ਮਹਾਨ ਪਰਿਵਰਤਨ ਹੋਇਆ ਅਰਥਾਤ ਹਜ਼ਰਤ ਮਿਰਜ਼ਾ ਸਾਹਬ ਨੂੰ ਇਲਹਮ ਰਾਹੀਂ ਦੱਸਿਆ ਗਿਆ ਕਿ ਹਜ਼ਰਤ ਈਸਾ

ਮਸੀਹ ਅਲੈਹਿਸੱਲਾਮ ਜਿਹਨਾ ਦੇ ਮੁੜ ਆਉਣ ਬਾਰੇ ਮੁਸਲਮਾਨ ਅਤੇ ਮਸੀਹੀ ਦੋਨੋ ਉਡੀਕਵਾਨ ਹਨ ਦਾ ਦੇਹਾਂਤ ਹੋ ਚੁਕਿਆ ਹੈ ਅਤੇ ਅਜੇਹੇ ਪੂਰੇ ਹੋਏ ਹਨ ਕਿ ਫ਼ਿਰ ਵਾਪਸ ਨਹੀਂ ਆ ਸਕਣਗੇ ਅਤੇ ਇਹ ਕਿ ਮਸੀਹ ਅਲੈਹਿਸੱਲਾਮ ਦੇ ਮੁੜ੍ਹ ਪਰਤ ਆਉਣ ਤੋਂ ਭਾਵ ਇਕ ਅਜੇਹਾ ਵਿਅਕਤੀ ਹੈ ਜੋ ਉਹਨਾਂ ਦੀਆਂ ਖ਼ੂਬੀਆਂ 'ਤੇ ਆਵੇ ਅਤੇ ਉਹ ਆਪ ਹੀ ਹਨ। ਜਦ ਇਸ ਗਲ 'ਤੇ ਆਪਨੂੰ ਪੂਰਾ ਵਿਸ਼ਵਾਸ ਹੋ ਗਿਆ ਅਤੇ ਵਾਰ-ਵਾਰ ਇਲਹਾਮ ਰਾਹੀਂ ਆਪ ਨੂੰ ਮਜਬੂਰ ਕੀਤਾ ਗਿਆ ਕਿ ਆਪ ਇਸ ਗਲ ਦੀ ਘੋਸ਼ਣਾ ਕਰਨ ਤਾਂ ਆਪ ਨੂੰ ਵਿਵਸ਼ ਹੋਕੇ ਇਸ ਕੰਮ ਲਈ ਉਠਣਾ ਪਿਆ। ਕਾਦੀਆਂ ਵਿੱਚ ਹੀ ਆਪ ਨੂੰ ਇਹ ਇਲਹਾਮ ਹੋਇਆ ਸੀ। ਆਪਨੇ ਘਰ ਵਿੱਚ ਫ਼ਰਮਾਇਆ ਕਿ ਹੁਣ ਇਕ ਅਜੇਹੀ ਗਲ ਮੈਨੂੰ ਸਪੁਰਦ ਕੀਤੀ ਗਈ ਹੈ ਕਿ ਹੁਣ ਇਸ ਤੋਂ ਕਰੜੀ ਵਿਰੋਧਤਾ ਹੋਵੇਗੀ। ਇਸ ਮਗਰੋਂ ਆਪ ਲੁਧਿਆਣੇ ਚਲੇ ਗਏ ਅਤੇ ਮਸੀਹ ਮੌਊਦ ਹੋਣ ਦੀ ਘੋਸ਼ਣਾ 1891 ਈ. ਵਿੱਚ ਵਿਗਿਆਪਨ ਰਾਹੀਂ ਕੀਤੀ ਗਈ।

## ਮੌਲਵੀਆਂ ਵੱਲੋਂ ਘੋਰ ਵਿਰੋਧ, ਲੁਧਿਆਣੇ ਵਿੱਚ ਵਾਦ-ਵਿਵਾਦ

ਇਸ ਘੋਸ਼ਣਾ ਦਾ ਪ੍ਰਕਾਸ਼ਤ ਹੋਣਾ ਸੀ ਕਿ ਭਾਰਤ ਭਰ ਵਿੱਚ ਰੌਲਾ ਪੈ ਗਿਆ ਅਤੇ ਇਨ੍ਹਾਂ ਵਿਰੋਧ ਹੋਇਆ ਕਿ ਰੱਬ ਦੀ ਪਨ੍ਹਾਹ ! ਉਹੋ ਮੌਲਵੀ ਜੋ ਆਪਦਾ ਪੱਖ ਪੂਰਦੇ ਸਨ ਆਪਦੇ ਖ਼ਿਲਾਫ਼ ਉਠ ਖਲੋਤੇ।

## ਮੌਲਵੀ ਮੁਹੰਮਦ ਹੁਸੈਨ ਬਟਾਲਵੀ ਵੱਲੋਂ ਵਿਰੋਧ

ਮੌਲਵੀ ਮੁਹੰਮਦ ਹੁਸੈਨ ਬਟਾਲਵੀ ਜਿਨ੍ਹਾਂ ਨੇ ਆਪਣੀ ਪਤਰਿਕਾ ''ਇਸ਼ਾਅਤ-ਸੁੱਨ੍ਹਾ'' ਵਿੱਚ ਆਪਦਾ ਪੱਖ ਪੂਰਦਿਆਂ ਜ਼ਬਰਦਸਤ ਆਰਟੀਕਲ ਲਿਖੇ ਸਨ ਉਨ੍ਹਾਂ ਨੇ ਹੀ ਆਪਦੇ ਖ਼ਿਲਾਫ਼ ਧਰਤੀ-ਆਕਾਸ਼ ਸਿਰ 'ਤੇ ਚੁਕ ਲਿਆ ਅਤੇ ਲਿਖਿਆ ਕਿ ਮੈਂ ਹੀ ਇਸ ਵਿਅਕਤੀ ਨੂੰ ਚੜ੍ਹਾਇਆ ਸੀ ਅਤੇ ਹੁਣ ਮੈਂ ਹੀ ਇਸਨੂੰ ਡਿਗਾਵਾਂਗਾ ਅਰਥਾਤ ਮੇਰੇ ਹੀ ਸਮਰਥਨ ਕਰਕੇ ਇਨ੍ਹਾਂ ਦੀ ਕੁਝ ਸ਼ਾਨ ਸਿਥਿਤ ਹੋਈ ਸੀ, ਹੁਣ ਮੈਂ ਇੰਨ੍ਹੀ ਮੁਖ਼ਾਲਫ਼ਤ ਕਰਾਂਗਾ ਕਿ ਇਹ ਲੋਕਾਂ ਦੀਆਂ ਨਜ਼ਰਾਂ ਵਿੱਚੋਂ ਡਿੱਗ ਜਾਣਗੇ ਅਤੇ ਬਦਨਾਮ ਹੋ ਜਾਣਗੇ। ਮੌਲਵੀ ਸਾਹਬ ਕੁਝ ਮੌਲਵੀਆਂ ਨਾਲ

ਲੁਧਿਆਣੇ ਵੀ ਪਹੁੰਚੇ ।

ਲੁਧਿਆਣੇ ਵਿੱਚ ਵਾਦ-ਵਿਵਾਦ :- ਅਤੇ ਵਾਦ ਵਿਵਾਦ ਦਾ ਚੈਲੇਂਜ ਦਿੱਤਾ ਜੋ ਹਜ਼ਰਤ ਮਸੀਹ ਮੌਊਦ ਅ.ਸ. ਨੇ ਸਵੀਕਾਰ ਵੀ ਕੀਤਾ ਪਰ ਵਾਦ-ਵਿਵਾਦ ਵਿੱਚ ਵਿਰੋਧੀ ਦਲ ਨੇ ਇਸ ਪ੍ਰਕਾਰ ਦੀਆਂ ਕੂੜ-ਬਹਿਸਾਂ ਸ਼ੁਰੂ ਕੀਤੀਆਂ ਕਿ ਕੋਈ ਫ਼ੈਸਲਾ ਨਾ ਹੋ ਸਕਿਆ । (ਇਹ ਵਾਦ-ਵਿਵਾਦ 20 ਜੁਲਾਈ 1891 ਈ. ਨੂੰ ਸ਼ੁਰੂ ਹੋਇਆ ਅਤੇ ਕਈ ਦਿਨ ਲਗਾਤਾਰ ਚਲਦਾ ਰਿਹਾ । ਕਿਉਂਕਿ ਇਹ ਵਿਵਾਦ ਲਿਖਤੀ ਸੀ ਇਸ ਲਈ ''ਅਲ-ਹਕ ਮੁਬਾਹਿਸਾ ਲੁਧਿਆਣਾ'' ਦੇ ਨਾਂ ਹੇਠ ਪ੍ਰਕਾਸ਼ਤ ਹੋਇਆ, ਵਿਸਥਾਰ ਲਈ ਉੱਥੋਂ ਪੜ੍ਹਿਆ ਜਾ ਸਕਦਾ ਹੈ । ਨਾਕਲ ।) ਜਦ ਡਿਪਟੀ ਕਮਿਸ਼ਨਰ ਸਾਹਬ ਨੇ ਦੇਖਿਆ ਕਿ ਇਕ ਫ਼ਸਾਦ ਸ਼ੁਰੂ ਹੋ ਗਿਆ ਹੈ ਅਤੇ ਨੇੜੇ ਹੀ ਹੈ ਕਿ ਗਦਰ ਦੀ ਹਾਲਤ ਪੈਦਾ ਹੋ ਜਾਵੇ ਤਾਂ ਉਹਨਾਂ ਨੇ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਨੂੰ ਇਕ ਵਿਸ਼ੇਸ਼ ਹੁਕਮ-ਨਾਮੇ ਰਾਹੀਂ ਉਸੇ ਦਿਨ ਲੁਧਿਆਣੇ ਤੋਂ ਚਲੇ ਜਾਣ ਲਈ ਵਿਵਸ਼ ਕੀਤਾ । ਇਸ 'ਤੇ ਕੁਝ ਮਿਤਰਾਂ ਦੇ ਸੁਝਾਅ ਨਾਲ ਕਿ ਸ਼ਾਇਦ ਅਜੇਹਾ ਹੁਕਮ ਆਪ ਲਈ ਵੀ ਜਾਰੀ ਹੋਵੇ ਆਪ ਲੁਧਿਆਣੇ ਤੋਂ ਅਮ੍ਰਿਤਸਰ ਆ ਗਏ ਅਤੇ ਅੱਠ ਦਿਨ ਉੱਥੇ ਰਹੇ ਪਰ ਮਗਰੋਂ ਜ਼ਿਲਾ ਮਜਿਸਟ੍ਰੇਟ ਸਾਹਬ ਦੇ ਪੁੱਛਣ ਤੇ ਦੱਸ਼ਿਆ ਕਿ ਆਪ ਬਾਰੇ ਕੋਈ ਹੁਕਮ ਨਹੀਂ ਸੀ, ਜਿਸ 'ਤੇ ਆਪ ਫਿਰ ਲੁਧਿਆਣੇ ਚਲੇ ਗਏ ਅਤੇ ਫਿਰ ਉੱਥੇ ਇਕ ਹਫ਼ਤਾ ਰਹੇ ਅਤੇ ਫਿਰ ਕਾਦੀਆਂ ਵਾਪਸ ਪਰਤ ਆਏ ।

# ਦਿੱਲੀ ਦੀ ਯਾਤਰਾ ਅਤੇ ਮੌਲਵੀ ਨਜ਼ੀਰ ਹੁਸੈਨ ਨਾਲ ਵਿਵਾਦ

ਇਸ ਮਗਰੋਂ ਕੁਝ ਸਮਾਂ ਕਾਦੀਆਂ ਰਹਿ ਕੇ ਫ਼ਿਰ ਲੁਧਿਆਣੇ ਚਲੇ ਗਏ ਇੱਥੇ ਕੁਝ ਸਮਾਂ ਰਹਿਣ ਮਗਰੋਂ ਉੱਥੋਂ ਦਿੱਲੀ ਚਲੇ ਗਏ ਜਿੱਥੇ ਆਪ 28 ਸਤੰਬਰ 1891 ਈ. ਨੂੰ ਸਵੇਰੇ ਪਹੁੰਚੇ । ਕਿਉਂਕਿ ਦਿੱਲੀ ਉਸ ਸਮੇਂ ਸਾਰੇ ਭਾਰਤ ਦਾ ਗਿਆਨ ਕੇਂਦਰ ਮੰਨਿਆ ਜਾਂਦਾ ਸੀ । ਉੱਥੋਂ ਦੇ ਲੋਕਾਂ ਵਿੱਚ ਪਹਿਲਾਂ ਤੋਂ ਹੀ ਆਪਦੇ ਖਿਲਾਫ਼ ਜੋਸ਼ ਫ਼ੈਲਾਇਆ ਜਾਂਦਾ ਸੀ ਆਪਦੇ ਉੱਥੇ ਪਹੁੰਚਦਿਆ ਹੀ ਮੌਲਵੀਆਂ ਵਿੱਚ ਇਕ ਜੋਸ਼ ਪੈਦਾ ਹੋਇਆ ਅਤੇ ਉਹਨਾਂ ਨੇ ਆਪਨੂੰ ਵਾਦ-ਵਿਵਾਦ ਦੇ ਚੈਲੰਜ ਦੇਣੇ ਸ਼ੁਰੂ ਕੀਤੇ ਅਤੇ ਮੌਲਵੀ ਨਜ਼ੀਰ ਹੁਸੈਨ ਜੋ ਭਾਰਤ ਭਰ ਦੇ ਉਲਮਾਏ ਹਦੀਸ ਦੇ ਉਸਤਾਦ ਸਨ ਉਹਨਾਂ ਨਾਲ ਵਾਦ-ਵਿਵਾਦ ਨਿਸਚਿਤ ਹੋਇਆ ਜਾਮਾ-ਮਸਜਿਦ ਵਾਦ-ਵਿਵਾਦ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਪਰ ਵਾਦ-ਵਿਵਾਦ ਦਾ ਪਰਸਤਾਵ ਵਿਰੋਧੀਆਂ

ਨੇ ਆਪ ਹੀ ਨਿਸ਼ਚਿਤ ਕਰ ਲਿਆ ਅਤੇ ਆਪਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ ਐਨ-ਮੌਕੇ 'ਤੇ ਹਕੀਮ ਅਬਦੁਲ ਮਜੀਦ ਖਾਨ ਸਾਹਬ ਦੇਹਲਵੀ ਆਪਣੀ ਗੱਡੀ ਲੈਕੇ ਆ ਗਏ ਅਤੇ ਕਿਹਾ ਕਿ ਮਸਜਿਦ ਵਿੱਚ ਵਾਦ-ਵਿਵਾਦ ਹੈ ਆਪਨੇ ਕਿਹਾ ਕਿ ਅਜੇਹੇ ਫ਼ਸਾਦ ਦੇ ਮੌਕ ਤੇ ਅਸੀਂ ਨਹੀਂ ਜਾ ਸਕਦੇ ਜੱਦ ਤਕ ਪਹਿਲਾ ਸਰਕਾਰੀ ਪ੍ਰਬੰਧ ਨ ਹੋਵੇ ਫ਼ਿਰ ਵਾਦ-ਵਿਵਾਦ ਲਈ ਸਾਥੋਂ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ ਅਤੇ ਵਾਦ-ਵਿਵਾਦ ਦੀਆਂ ਸ਼ਰਤਾ ਨਿਸ਼ਚਿਤ ਕਰਨੀਆਂ ਸਨ। ਆਪਦੇ ਨ ਜਾਣ ਕਰਕੇ ਹੋਰ ਰੌਲਾ ਪੈ ਗਿਆ। ਅੰਤ ਆਪਨੇ ਘੋਸ਼ਣਾ ਕੀਤੀ ਕਿ ਮੌਲਵੀ ਨਜ਼ੀਰ ਹੁਸੈਨ ਦੇਹਲਵੀ ਜਾਮਾ ਮਸਜਿਦ ਵਿੱਚ ਸੁੰਹੁ ਚੁਕ ਲੈਣ ਕਿ ਹਜ਼ਰਤ ਮਸੀਹ (ਈਸਾ) ਅ.ਸ. ਕੁਰਆਨ ਅਨੁਸਾਰ ਜਿਉਂਦੇ ਹਨ ਅਤੇ ਹੁਣ ਤਕ ਮਰੇ ਨਹੀਂ ਅਤੇ ਇਸ ਕਸਮ ਮਗਰੋਂ ਇਕ ਸਾਲ ਤਕ ਕਿਸੇ ਰੱਬੀ ਪ੍ਰਕੋਪ ਵਿੱਚ ਨ ਫਸੇ ਹੋਣ ਤਾਂ ਮੈਂ ਝੂਠਾ ਹਾਂ ਅਤੇ ਮੈਂ ਆਪਣੀਆਂ ਪੁਸਤਕਾਂ ਨੂੰ ਸਾੜ ਦਿਆਂਗੇ ਅਤੇ ਇਸ ਕੰਮ ਲਈ ਮਿਤੀ ਵੀ ਨੀਅਤ ਕਰ ਦਿੱਤੀ। ਮੌਲਵੀ ਨਜ਼ੀਰ ਹੁਸੈਨ ਸਾਹਬ ਦੇ ਸ਼ਿਸ਼ ਇਸ ਤੋਂ ਬਹੁਤ ਘਬਰਾਏ ਅਤੇ ਬਹੁਤ ਰੋਕਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ, ਪਰ ਲੋਕ ਹਠ ਕਰਨ ਲੱਗੇ ਕਿ ਇਸ ਵਿੱਚ ਕੀ ਹਰਜ ਹੈ ਕਿ ਮਿਰਜ਼ਾ ਸਾਹਬ ਦਾ ਦਾਅਵਾ ਸੁਣਕੇ ਸੁੰਹੁ ਚੁਕ ਲੈਣ ਕਿ ਇਹ ਝੂਠਾ ਹੈ ਅਤੇ ਲੋਕ ਉਸ ਸਮੇਂ ਬਹੁਤ ਸੰਖਿਆ ਵਿੱਚ ਜਾਮਾ ਮਸਜਿਦ ਵਿੱਚ ਇਕੱਠੇ ਹੋ ਗਏ ਹਜ਼ਰਤ ਸਾਹਬ ਨੂੰ ਲੋਕਾਂ ਨੇ ਬਹੁਤ ਰੋਕਿਆ ਕਿ ਆਪ ਉੱਥੇ ਨਾ ਜਾਣ ਬਹੁਤ ਝਗੜਾ ਹੋ ਜਾਵੇਗਾ ਪਰ ਆਪ ਉੱਥੇ ਗਏ। (ਆਪਨੇ 17 ਅਕਤੂਬਰ 1891 ਈ. ਨੂੰ ਇਹ ਇਸ਼ਤਿਹਾਰ ਪ੍ਰਕਾਸ਼ਤ ਕੀਤਾ ਸੀ ਅਤੇ ਨਿਸ਼ਚਿਤ ਮਿਤੀ 20 ਅਕਤੂਬਰ ਨੂੰ ਅਸਰ ਦੀ ਨਮਾਜ਼ ਸਮੇਂ ਜਾਮਾ ਮਸਜਿਦ ਦਿੱਲੀ ਵਿੱਚ ਆਉਣ ਦਾ ਸੱਦਾ ਦਿੱਤਾ ਸੀ। ਨਾਕਲ।) ਆਪਦੇ ਨਾਲ ਆਪਦੇ ਬਾਰ੍ਹਾਂ (12) ਮਿੱਤਰ ਸਨ। (ਹਜ਼ਰਤ ਮਸੀਹ ਅ.ਸ. ਦੇ ਵੀ ਬਾਰ੍ਹਾਂ (12) ਹੀ ਹਵਾਰੀ ਸਨ ਇਸ ਮੌਕੇ ਤੇ ਆਪਦੇ ਨਾਲ ਇਹ ਸੰਖਿਆ ਵੀ ਇਕ ਨਿਸ਼ਾਨ ਸੀ।) ਜਾਮਾ ਮਸਜਿਦ ਦਾ ਵਿਸ਼ਾਲ ਭਵਨ ਅੰਦਰੋ-ਬਾਹਰੋ ਮਨੁੱਖਾ ਨਾਲ ਭਰਿਆ ਸੀ ਸਗੋਂ ਪੌੜ੍ਹੀਆਂ ਉੱਤੇ ਵੀ ਲੋਕ ਖੜੇ ਸਨ। ਹਜ਼ਾਰਾਂ ਮਨੁੱਖਾਂ ਦੇ ਮਜਮੇ ਵਿੱਚੋਂ ਲੰਘਕੇ ਜਦ ਕਿ ਸਾਰੇ ਲੋਕ ਪਾਗਲਾਂ-ਵਾਂਗ ਲਹੂ ਭਰੀਆਂ ਅੱਖਾਂ ਨਾਲ ਆਪ ਨੂੰ ਤੱਕ ਰਹੇ ਸਨ। ਆਪ ਇਸ ਛੋਟੀ ਜਿਹੀ ਜਮਾਤ ਨਾਲ ਮਸਜਿਦ ਦੀ ਮਹਿਰਾਬ ਵਿੱਚ ਬੈਠ ਗਏ।

ਮਜਮੇ ਦੇ ਪ੍ਰਬੰਧ ਲਈ ਸੁਪਰੀਡੈਂਟ ਪੌਲੀਸ ਕੁਝ ਹੋਰ ਆਪਣੇ ਸਾਥੀ ਅਫ਼ਸਰਾਂ ਅਤੇ ਲਗਭਗ ਸੌ (100) ਕਾਂਸਟੇਬਲਾਂ ਸਣੇ ਆਏ ਹੋਏ ਸਨ। ਲੋਕਾਂ ਵਿੱਚੋਂ ਬਹੁਤਿਆਂ ਨੇ ਆਪਣੀਆਂ ਝੋਲੀਆਂ ਵਿੱਚ ਪੱਥਰ ਭਰੇ ਹੋਏ ਸਨ ਅਤੇ ਮਾੜੇ ਜਿਹੇ

ਇਸ਼ਾਰੇ ਨਾਲ ਪਥਰਾਓ ਕਰਨ ਲਈ ਤਿਆਰ ਸਨ ਅਤੇ ਮਸੀਹ ਸਾਨੀ (ਦੂਸਰਾ) ਵੀ ਪਹਿਲੇ ਮਸੀਹ ਵਾਂਗ ਫ਼ਕੀਹੀਆਂ ਅਤੇ ਫ਼ਰੀਸੀਆਂ (ਭਾਵ ਮੌਲਵੀਆਂ) ਦਾ ਸ਼ਿਕਾਰ ਹੋ ਰਿਹਾ ਸੀ। ਲੋਕ ਇਸ ਦੂਸਰੇ ਮਸੀਹ ਨੂੰ ਸੂਲੀ 'ਤੇ ਲਟਕਾਉਣ ਦੀ ਥਾਂ ਪਥਰਾਂ ਨਾਲ ਮਾਰਨ 'ਤੇ ਤੁਲੇ ਹੋਏ ਸਨ ਅਤੇ ਵਾਦ-ਵਿਵਾਦ ਦੇ ਵਾਰਤਾਲਾਪ ਵਿੱਚ ਤਾਂ ਉਹਨਾਂ ਨੂੰ ਅਸਫ਼ਲਤਾ ਹੋਈ। ਮਸੀਹ ਦੇ ਦੇਹਾਂਤ ਉੱਪਰ ਬਹਿਸ ਕਰਨਾ ਲੋਕਾਂ ਨੇ ਸਵੀਕਾਰ ਨ ਕੀਤਾ। ਸੁੰਹੁ ਵੀ ਨ ਕਿਸੇ ਨੇ ਖਾਧੀ, ਨਾ ਮੌਲਵੀ ਨਜ਼ੀਰ ਹੁਸੈਨ ਨੂੰ ਖਾਣ ਦਿੱਤੀ। ਖਵਾਜਾ ਮੁਹਮੰਦ ਯੂਸਫ਼ ਸਾਹਬ ਪਲੀਡਰ ਅਲੀਗੜ ਨੇ ਹਜ਼ਰਤ ਤੋਂ ਆਪਦੇ ਸਿੱਧਾਂਤ ਲਿਖਾਏ ਅਤੇ ਸੁਨਾਉਣੇ ਚਾਹੇ ਪਰ ਕਿਉਂਕਿ ਮੌਲਵੀਆਂ ਨੇ ਲੋਕਾਂ ਨੂੰ ਇਹ ਸੁਣਾ ਰੱਖਿਆ ਸੀ ਕਿ ਇਹ ਵਿਅਕਤੀ ਨ ਕੁਰਆਨ ਮਨਦਾ ਹੈ ਨ ਹਦੀਸ ਨੂੰ ਮੰਨਦਾ ਹੈ ਅਤੇ ਨਾ ਹੀ ਰਸੂਲ ਕਰੀਮ ਸਲਲੱਲਾਹੋ ਅਲੈਹਿ ਵਸੱਲਮ ਨੂੰ ਮਨਦਾ ਹੈ। ਉਹਨਾ ਨੂੰ ਇਸ ਧੋਖੇ ਦੇ ਖੁਲ ਜਾਣ ਦਾ ਡਰ ਹੋਇਆ ਇਸ ਲਈ ਲੋਕਾ ਨੂੰ ਭੜਕਾ ਦਿੱਤਾ ਫ਼ਿਰ ਕੀ ਸੀ ਰੌਲਾ ਪੈਗਿਆ ਅਤੇ ਮੁਹੰਮਦ ਯੂਸਫ਼ ਨੂੰ ਉਹ ਕਾਗਜ਼ ਸੁਨਾਉਣ ਤੋਂ ਲੋਕਾਂ ਨੇ ਰੋਕੇ ਰੱਖਿਆ।

ਅਫ਼ਸਰ ਪੁਲੀਸ ਨੇ ਜਦ ਦੇਖਿਆ ਕਿ ਹਾਲਤ ਖਤਰਨਾਕ ਹੈ ਤਾਂ ਪੁਲੀਸ ਨੂੰ ਮਜਮਾ ਤਿੱਤਰ-ਬਿੱਤਰ ਕਰਨ ਦਾ ਹੁਕਮ ਦਿੱਤਾ ਅਤੇ ਘੋਸ਼ਣਾ ਕੀਤੀ ਕਿ ਕੋਈ ਵਾਦ-ਵਿਵਾਦ ਨਹੀਂ ਹੋਵੇਗਾ। ਲੋਕ ਤਿੱਤਰ-ਬਿੱਤਰ ਹੋ ਗਏ। ਪੁਲੀਸ ਆਪਨੂੰ ਘੇਰੇ ਵਿੱਚ ਲੈਕੇ ਮਸਜਿਦ ਤੋਂ ਬਾਹਰ ਆ ਗਈ। ਬੂਹੇ ਤੇ ਗੱਡੀਆਂ ਦੀ ਉਡੀਕ ਵਿੱਚ ਕੁਝ ਸਮਾਂ ਠਹਿਰਨਾ ਪਿਆ। ਲੋਕ ਉੱਥੇ ਇਕੱਠੇ ਹੋ ਗਏ ਅਤੇ ਜੋਸ਼ ਵਿੱਚ ਆ ਕੇ ਹਮਲਾ ਕਰਨ ਦਾ ਨਿਸ਼ਚਾ ਕੀਤਾ, ਪਰ ਪੁਲੀਸ ਅਫ਼ਸਰਾਂ ਨੇ ਗੱਡੀ ਵਿੱਚ ਸਵਾਰ ਕਰਕੇ ਆਪਨੂੰ ਭੇਜ ਦਿੱਤਾ ਅਤੇ ਆਪ ਮਜਮੇ ਨੂੰ ਨਿਖੇੜਨ ਵਿੱਚ ਜੁਟ ਗਏ।

ਇਸ ਮਗਰੋਂ, ਮੌਲਵੀ ਮੁਹੰਮਦ ਬਸੀਰ ਸਾਹਬ ਨੂੰ ਦਿੱਲੀ ਦੇ ਲੋਕਾਂ ਨੇ ਭੁਪਾਲ ਤੋਂ ਸੱਦਿਆ ਅਤੇ ਉਨ੍ਹਾਂ ਨਾਲ ਵਾਦ-ਵਿਵਾਦ ਹੋਇਆ, ਜਿਸਦਾ ਪੂਰਾ ਹਾਲ ਛਪਿਆ ਹੋਇਆ ਹੈ।

# ਡਿਪਟੀ ਅਬਦੁੱਲਾ ਆਥਮ ਨਾਲ ਵਾਦ-ਵਿਵਾਦ ਦੇ ਹਾਲਾਤ

ਕੁਝ ਦਿਨ ਮਗਰੋਂ ਆਪ ਵਾਪਸ ਕਾਦੀਆਂ ਪਰਤ ਆਏ ਕੁਝ ਮਹੀਨਿਆਂ ਮਗਰੋਂ 1892 ਈ. ਵਿੱਚ ਫ਼ਿਰ ਇਕ ਯਾਤਰਾ ਕੀਤੀ। ਪਹਿਲਾਂ ਲਾਹੌਰ ਗਏ। ਉੱਥੇ ਮੌਲਵੀ

ਅਬਦੁਲ ਹਕੀਮ ਕਲਾਨੌਰੀ ਨਾਲ ਵਾਦ-ਵਿਵਾਦ ਹੋਇਆ। ਉੱਥੇਂ ਸਿਆਲਕੋਟ ਅਤੇ ਉੱਥੋਂ ਜਾਲੰਧਰ ਅਤੇ ਫਿਰ ਉੱਥੋਂ ਲੁਧਿਆਣੇ ਗਏ ਲੁਧਿਆਣੇ ਤੋਂ ਕਾਦੀਆਂ ਪਰਤ ਆਏ।

## ਮਸੀਹੀਆਂ ਨਾਲ ਵਾਦ-ਵਿਵਾਦ, "ਜੰਗੇ ਮੁਕਦੱਸ"

ਇਸ ਮਗਰੋਂ 1893 ਈ. ਵਿੱਚ ਹਜ਼ੂਰ ਦਾ ਵਿਵਾਦ ਮਸੀਹੀਆਂ ਨਾਲ ਨਿਸ਼ਚਿਤ ਹੋਇਆ ਅਤੇ ਮਸੀਹੀਆਂ ਵੱਲੋਂ ਡਿਪਟੀ ਅਬਦੁੱਲਾ ਆਥਮ ਵਿਵਾਦਕ ਨਿਸ਼ਚਿਤ ਹੋਏ। ਇਹ ਵਾਦ-ਵਿਵਾਦ ਅਮ੍ਰਿਤਸਰ ਵਿੱਚ ਹੋਇਆ ਅਤੇ ਪੰਦਰਾਂ (15) ਦਿਨ ਤੱਕ ਰਿਹਾ ਅਤੇ "ਜੰਗੇ ਮੁਕਦੱਸ" ਦੇ ਨਾਂ ਨਾਲ ਪ੍ਰਕਾਸ਼ਤ ਹੋ ਚੁਕਿਆ ਹੈ।

ਇਸ ਵਾਦ-ਵਿਵਾਦ ਵਿਚ ਵੀ ਜਿਵੇਂ ਕਿ ਹਮੇਸ਼ਾਂ ਆਪਦੇ ਵਿਰੋਧੀਆਂ ਨੂੰ ਹਾਰ ਹੁੰਦੀ ਰਹੀ ਹੈ ਮਸੀਹੀ ਸਰੋਤਿਆਂ ਨੂੰ ਵੀ ਕਰੜੀ ਹਾਰ ਹੋਈ ਅਤੇ ਉਸਦਾ ਮਹਤੱਵਪੂਰਨ ਪ੍ਰਭਾਵ ਹੋਇਆ। ਇਸ ਵਾਦ-ਵਿਵਾਦ ਦੇ ਪੜ੍ਹਨ ਨਾਲ (ਇਹ ਵਾਦ-ਵਿਵਾਦ ਲਿਖਤੀ ਹੋਇਆ ਸੀ ਅਤੇ ਦੋਵੇ ਦਲ ਆਮ੍ਹਣੇ-ਸਾਮਣੇ ਬੈਠਕੇ ਇਕ ਦੂਜੇ ਦੇ ਪਰਚੇ ਦਾ ਉੱਤਰ ਦਿੰਦੇ ਸਨ ਅਤੇ ਉਹ ਅਸਲ ਲਿਖਤਾਂ ਇਕ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਤ ਕੀਤੀਆਂ ਗਈਆਂ ਹਨ।) ਪਤਾ ਲਗਦਾ ਹੈ ਕਿ ਮਸੀਹੀ ਵਿਵਾਦਕ ਆਪਦੀਆਂ ਜ਼ਬਰਦਸਤ ਦਲੀਲਾਂ ਤੋਂ ਤੰਗ ਆ ਜਾਂਦਾ ਸੀ। ਅਤੇ ਵਾਰ-ਵਾਰ ਦਾਅਵਾ ਬਦਲਦਾ ਜਾਂਦਾ ਸੀ ਅਤੇ ਕਈ ਥਾਂ ਤਾਂ ਮਸੀਹੀਆਂ ਵੱਲੋਂ ਕਰੜੇ ਤੇ ਦੂਰ ਵਚਨ ਤੱਕ ਬੋਲੇ ਗਏ। ਆਪ ਨੇ ਇਸ ਆਧੁਨਿਕ ਇਲਮੇ-ਕਲਾਮ ਨੂੰ ਪੇਸ਼ ਕੀਤਾ ਕਿ ਹਰ ਕੋਈ ਆਪਣੇ ਧਰਮ ਦੀ ਸੱਚਾਈ ਦੇ ਦਾਅਵੇ ਅਤੇ ਦਲੀਲਾਂ ਆਪਣੀਆਂ ਪ੍ਰਮਾਣਿਤ ਪੁਸਤਕਾਂ ਵਿੱਚੋਂ ਹੀ ਪ੍ਰਸਤੁਤ ਕਰਨ।

ਇਕ ਅਦਭੁਤ ਘਟਨਾ :- ਇਸ ਵਾਦ ਵਿਵਾਦ ਵਿੱਚ ਇਕ ਅਦਭੁਤ ਘਟਨਾ ਵਾਪਰੀ ਜਿਸ ਵਿੱਚ ਮਿੱਤਰ-ਵੈਰੀ ਆਪਦੀ ਖ਼ੁਦਾ ਵੱਲੋਂ ਦਿੱਤੀ ਯੋਗਤਾ ਅਤੇ ਇਲਾਹੀ ਸਮਰਥਨ ਨੂੰ ਮਨ ਗਏ। ਉਹ ਇਹ ਕਿ ਭਾਵੇਂ ਬਹਿਸ ਹੋਰਨਾ ਗੱਲਾਂ ਤੇ ਹੋ ਰਹੀ ਸੀ ਪਰ ਮਸੀਹੀਆਂ ਨੇ ਆਪ ਨੂੰ ਲੱਜਿਤ ਕਰਨ ਲਈ ਇਕ ਦਿਨ ਕੁਝ ਲੂਲੇ ਲੰਗੜੇ ਅਤੇ ਅੰਨ੍ਹੇ ਇਕੱਠੇ ਕੀਤੇ ਅਤੇ ਚਲ ਰਹੇ ਵਾਦ-ਵਿਵਾਦ ਵਿੱਚ ਆਪਦੇ ਸਾਹਮਣੇ ਲਿਆ ਕੇ ਕਿਹਾ ਕਿ ਆਪ ਮਸੀਹ ਹੋਣ ਦਾ ਦਾਅਵਾ ਕਰਦੇ ਹੋ, ਉਹ ਤਾਂ ਲੂਲੇ ਲੰਗੜਿਆਂ ਅਤੇ ਅੰਨ੍ਹਿਆਂ ਨੂੰ ਚੰਗਾ ਕੀਤਾ ਕਰਦੇ ਸਨ। ਇਸ ਲਈ ਆਪਦਾ ਦਾਅਵਾ ਤਾਂ ਹੀ ਸੱਚਾ ਹੋ ਸਕਦਾ ਹੈ ਜਦ ਆਪ ਵੀ ਅਜੇਹੇ ਰੋਗੀਆਂ ਨੂੰ ਚੰਗਾ ਕਰਕੇ ਦਿਖਾਓ। ਅਤੇ ਦੂਰ ਜਾਣ ਦੀ ਲੋੜ ਨਹੀਂ ਰੋਗੀ ਹਾਜ਼ਰ ਹਨ। ਜਦ ਉਨ੍ਹਾਂ ਨੇ ਇਹ ਗਲ ਪੇਸ਼

ਕੀਤੀ ਤਾਂ ਸਾਰੇ ਲੋਕ ਹੈਰਾਨ ਰਹਿ ਗਏ ਅਤੇ ਹਰ ਕੋਈ ਅਸ਼ਚਰਜ ਹੋਕੇ ਇਸ ਗੱਲ ਦੀ ਉਡੀਕ ਕਰਨ ਲੱਗਾ ਕਿ ਦੇਖੀਏ ਮਿਰਜ਼ਾ ਸਾਹਬ ਇਸਦਾ ਕੀ ਉਤਰ ਦਿੰਦੇ ਹਨ? ਅਤੇ ਮਸੀਹੀ ਆਪਣੀ ਇਸ ਵਿਚੱਤਰ ਕਾਰਵਾਈ ਤੇ ਬਹੁਤ ਖ਼ੁਸ਼ ਹੋਏ ਕਿ ਅੱਜ ਇਹਨਾਂ 'ਤੇ ਅਤਿਅੰਤ ਕਠਿਨ ਦਲੀਲ ਰੱਖੀ ਗਈ ਹੈ ਅਤੇ ਭਰੀ ਸਭਾ ਵਿੱਚ ਕਿਵੇਂ ਹੀਣਾ ਹੋਣਾ ਪਿਆ ਹੈ, ਪਰ ਜਦ ਆਪਨੇ ਇਸ ਮੰਗ ਦਾ ਉੱਤਰ ਦਿੱਤਾ ਤਾਂ ਉਹਨਾਂ ਦੀ ਸਾਰੀ ਦੀ ਸਾਰੀ ਖ਼ੁਸ਼ੀ ਸ਼ੋਕ ਤੇ ਸ਼ਰਮਿੰਦੀ ਵਿੱਚ ਬਦਲ ਗਈ। ਅਤੇ ਜਿੱਤ ਹਾਰ ਵਿੱਚ ਬਦਲ ਗਈ ਅਤੇ ਸਾਰੇ ਲੋਕ ਆਪਦੀ ਹਾਜ਼ਰ-ਜਵਾਬੀ ਅਤੇ ਉਚਿਤ ਉੱਤਰ ਦੇ ਹਾਮੀ ਹੋ ਗਏ। ਆਪਨੇ ਫ਼ਰਮਾਇਆ ਕਿ ਇਸ ਪ੍ਰਕਾਰ ਦੇ ਰੋਗੀਆਂ ਨੂੰ ਚੰਗਿਆਂ ਕਰਨਾ ਤਾਂ ਇੰਜੀਲ ਵਿੱਚ ਲਿੱਖਿਆ ਹੈ ਅਸੀਂ ਤਾਂ ਇਸ ਦੇ ਹਾਮੀ ਹੀ ਨਹੀਂ ਸਗੋਂ ਸਾਡੇ ਨੇੜੇ ਤਾਂ ਹਜ਼ਰਤ ਮਸੀਹ ਦੇ ਚਮਤਕਾਰਾਂ ਦਾ ਹੋਰ ਹੀ ਰੰਗ ਹੈ। ਇਹ ਤਾਂ ਇੰਜੀਲ ਦਾ ਦਾਅਵਾ ਹੈ ਕਿ ਉਹ ਅਜੇਹੇ ਰੋਗੀਆਂ ਨੂੰ ਸ਼ਾਰੀਰਿਕ ਰੂਪ ਵਿੱਚ ਚੰਗਾ ਕਰਦੇ ਸਨ ਅਤੇ ਇਸ ਪ੍ਰਕਾਰ ਹੱਥ ਫੇਰਕੇ ਨ ਕਿ ਦੁਆ ਅਤੇ ਦਵਾਈ ਨਾਲ। ਪਰ ਇੰਜੀਲ ਵਿੱਚ ਲਿਖਿਆ ਹੈ ਕਿ ਜੇਕਰ ਤੁਹਾਡੇ ਵਿੱਚ ਜ਼ੱਰ੍ਹਾ (ਕਿਣਕਾ) ਭਰ ਵੀ ਈਮਾਨ ਹੋਵੇ ਤਾਂ ਤੁਸੀਂ ਲੋਕ ਇਸ ਤੋਂ ਵੀ ਵੱਧਕੇ ਬਚਿੱਤਰ ਕੰਮ ਕਰ ਸਕਦੇ ਹੋ। ਇਸ ਲਈ ਇਨ੍ਹਾਂ ਰੋਗੀਆਂ ਨੂੰ ਸਾਡੇ ਸਾਹਮਣੇ ਲਿਆਉਣਾ ਆਪਦਾ ਕੰਮ ਨਹੀਂ ਸਗੋਂ ਸਾਡਾ ਕੰਮ ਹੈ ਅਤੇ ਹੁਣ ਇਹਨਾਂ ਰੋਗੀਆਂ ਨੂੰ ਜੋ ਆਪਨੇ ਕਰੜੀ ਮਿਹਨਤ ਨਾਲ ਜਮਾਂ ਕਰ ਲਏ ਹਨ ਆਪਦੇ ਸਾਹਮਣੇ ਕਰਕੇ ਕਹਿੰਦੇ ਹਾਂ ਕਿ ਮਿਹਰਬਾਨੀ ਕਰਕੇ ਇੰਜੀਲ ਦੀ ਆਗਿਆ ਹੇਠ ਜੇਕਰ ਤੁਹਾਡੇ ਲੋਕਾਂ ਵਿੱਚ ਰੱਤੀ ਭਰ ਵੀ ਈਮਾਨ ਹੈ ਤਾਂ ਇਨ੍ਹਾਂ ਰੋਗੀਆਂ ਉੱਪਰ ਹੱਥ ਰੱਖਕੇ ਆਖੋ ਚੰਗੇ ਹੋ ਜਾਣ। ਜੇਕਰ ਇਹ ਚੰਗੇ ਹੋ ਗਏ ਤਾਂ ਅਸੀਂ ਵਿਸ਼ਵਾਸ ਕਰ ਲਵਾਂਗੇ ਕਿ ਆਪ ਲੋਕ ਅਤੇ ਆਪਦਾ ਧਰਮ ਸੱਚਾ ਹੈ। ਨਹੀਂ ਤਾਂ ਜੋ ਦਾਅਵਾ ਆਪ ਲੋਕਾਂ ਨੇ ਖ਼ੁਦ ਕੀਤਾ ਹੈ ਉਸਨੂੰ ਵੀ ਪੂਰਾ ਨਾ ਕਰ ਸਕੋ ਤਾਂ ਫ਼ਿਰ ਆਪਦੀ ਸਚੱਾਈ ਉੱਤੇ ਕਿਵੇਂ ਵਿਸ਼ਵਾਸ਼ ਕੀਤਾ ਜਾ ਸਕਦਾ ਹੈ। ਇਸ ਉੱਤੱਰ ਦਾ ਅਜੇਹਾ ਪ੍ਰਭਾਵ ਪਿਆ ਕਿ ਇਸਾਈ ਬਿਲਕੁਲ ਚੁਪ ਹੋ ਗਏ ਅਤੇ ਕੁਝ ਉੱਤੱਰ ਨ ਦੇ ਸਕੇ ਅਤੇ ਗਲ ਟਾਲ ਦਿੱਤੀ।

ਇਸ ਮਗਰੋਂ ਇਹਨਾਂ ਹੀ ਦਿਨਾਂ ਵਿੱਚ ਆਪ ਇਕ ਵਾਰ ਫਿਰੋਜ਼ਪੁਰ ਗਏ। ਇਹਨਾਂ ਸਾਰੀਆਂ ਯਾਤਰਾਵਾਂ ਵਿੱਚ ਹਰ ਥਾਂ ਆਪਨੂੰ ਤੰਗ ਕੀਤਾ ਗਿਆ ਅਤੇ ਲੋਕਾਂ ਨੇ ਆਪਨੂੰ ਬਹੁਤ ਦੁਖ ਦਿੱਤੇ ਅਤੇ ਜੋ ਕੁਝ ਲੇਖਨੀ ਰਾਹੀ ਪ੍ਰਕਾਸ਼ਤ ਕੀਤਾ ਗਿਆ ਉਸ ਦੀ ਕੋਈ ਸੀਮਾਂ ਹੀ ਨਹੀਂ। ਜਿੱਥੇ ਵੀ ਆਪ ਜਾਂਦੇ ਉੱਥੇ ਹੀ ਲੋਕ ਮਿਲਕੇ ਆਪਨੂੰ ਦੁਖ ਦਿੰਦੇ।

# ਸ਼ੁਕੱਰਵਾਰ ਦੀ ਛੁੱਟੀ ਲਈ ਜਤਨ

ਇਕ ਜਨਵਰੀ 1896 ਈ. ਨੂੰ ਆਪਨੇ ਇਸਲਾਮੀ ਮਹੱਤਾ ਦੇ ਪ੍ਰਗਟਾਵੇ ਅਤੇ ਮਹਤੱਵਪੂਰਨ ਇਸਲਾਮੀ ਪ੍ਰਤਿਸ਼ਠਾ ਨਮਾਜ਼ ਜੁਮਆ ਦੇ ਆਮ ਰਿਵਾਜ ਲਈ ਇਕ ਜਤਨ ਦਾ ਮੁੱਢ ਅਰੰਭਿਆ ਭਾਵ ਭਾਰਤ ਸਰਕਾਰ ਤੋਂ ਸ਼ੁਕਰਵਾਰ ਵਾਲੇ ਦਿੱਨ ਛੁੱਟੀ ਦੇ ਪ੍ਰਸਤਾਵ ਦੀ ਕਾਰਵਾਈ ਅਰੰਭ ਕੀਤੀ। ਦੁਰਭਾਗ ਵਸ਼ ਮੁਸਲਮਾਨਾਂ ਵਿੱਚ ਜੁਮਏ (ਸ਼ੁਕਰਵਾਰ) ਦੇ ਪ੍ਰਤੀ ਜੋ ਉਨ੍ਹਾਂ ਲਈ ਮਸੀਹ ਮਊਦ ਦਾ ਇਕ ਜ਼ਬਰਦਸਤ ਅਮਲੀ ਨਿਸ਼ਾਨ ਸੀ ਅਜੇਹੀਆਂ ਗ਼ਲਤ ਫ਼ਹਿਮੀਆਂ ਪੈ ਗਈਆਂ ਸਨ, ਕਿ ਕੁਝ ਸ਼ਰਤਾਂ ਨੂੰ ਧਿਆਨ ਵਿੱਚ ਰਖਕੇ ਜੁਮਏ ਦੇ ਫ਼ਰਜ਼ ਹੋਣ ਉੱਪਰ ਹੀ ਬਹਿਸ ਛਿੜ ਚੁਕੀ ਸੀ ਅਤੇ ਅਮਲੀ ਰੂਪ ਵਿੱਚ ਜੁਮਆ ਕਈ ਥਾਈਂ ਛੱਡ ਦਿੱਤਾ ਗਿਆ ਸੀ। ਆਪਨੇ ਉਸਨੂੰ ਜੀਵਿਤ ਕੀਤਾ ਅਤੇ ਚਾਹਿਆ ਕਿ ਸਰਕਾਰ ਜੁਮਏ ਦੀ ਛੁੱਟੀ ਮੰਜ਼ੂਰ ਕਰੇ। ਇਸ ਬਾਰੇ ਜੋ ਮੈਮੋਰੀਅਲ ਸਰਕਾਰ ਦੀ ਸੇਵਾ ਵਿੱਚ ਭੇਜਣ ਲਈ ਆਪਣੇ ਚੁਣਿਆ ਉਸਦੀ ਤਿਆਰੀ ਤੋਂ ਪਹਿਲਾਂ ਹੀ ਮੌਲਵੀਆਂ ਨੇ ਆਪਣੀ ਆਦਤ ਅਨੁਸਾਰ ਵਿਰੋਧ ਕੀਤਾ ਅਤੇ ਇਸ ਕੰਮ ਨੂੰ ਆਪਣੇ ਹੱਥ ਵਿੱਚ ਲੈਣਾ ਚਾਹਿਆ। ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਇਹ ਕੰਮ ਕੇਵਲ ਅੱਲਾਹ ਖਾਤਰ ਕਰ ਰਹੇ ਸਨ। ਆਪਨੂੰ ਕਿਸੇ ਪ੍ਰਸ਼ੰਸਾ ਜਾ ਦਾਦ ਦੀ ਇੱਛਾ ਨਹੀਂ ਸੀ ਆਪਦਾ ਉੱਦੇਸ਼ ਤਾਂ ਇਸ ਵਿਸ਼ੇਸ਼ ਧਾਰਮਕ ਸੇਵਾ ਦਾ ਸਿੱਟਾ ਪਾਉਣਾ ਸੀ ਭਾਵੇਂ ਉਹ ਕਿਸੇ ਦੇ ਵੀ ਹੱਥੋਂ ਹੋਵੇ। ਆਪਨੇ ਸਾਰਾ ਕੰਮ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਦੀ ਬੇਨਤੀ 'ਤੇ ਉਹਨਾ ਨੂੰ ਸੌਂਪ ਦੇਣ ਦੀ ਘੋਸ਼ਣਾ ਕਰ ਦਿੱਤੀ ਕਿ ਉਹ ਜੁਮਏ ਦੀ ਛੁੱਟੀ ਲਈ ਆਪ ਜਤਨ ਕਰਨ ਦਾ ਦਾਅਵਾ ਕਰਦੇ ਹਨ ਤਾ ਜ਼ਰੂਰ ਕਰਨ। ਪਰ ਅਫ਼ਸੋਸ ! ਉਹਨਾ ਨੇ ਇਸ ਲਾਹੇਵੰਦ ਕਾਰਜ ਨੂੰ ਰੋਕ ਦਿੱਤਾ, ਪਰ ਇਹ ਪ੍ਰਸਤਾਵ ਇਲਾਹੀ ਪ੍ਰਸਤਾਵ ਸੀ ਅੰਤ ਰੱਬ ਨੇ ਆਪ ਹੀ ਦੀ ਜਮਾਤ ਰਾਹੀਂ ਇਸ ਨੂੰ ਪੂਰਾ ਕੀਤਾ।

# ਸੰਸਾਰ ਦੇ ਧਰਮਾਂ ਦਾ ਮਹਾਨ ਜਲਸਾ

1896 ਈ. ਦੇ ਅੰਤ ਵਿੱਚ ਕੁਝ ਲੋਕਾਂ ਨੇ ਮਿਲਕੇ ਲਾਹੋਰ ਵਿੱਚ ਇਕ ਧਾਰਮਕ ਕਾਨਫ਼੍ਰੈਂਸ ਅਯੋਜਿਤ ਕਰਨ ਦਾ ਨਿਸ਼ਚਾ ਕੀਤਾ ਅਤੇ ਇਸ ਵਿੱਚ ਭਾਗ ਲੈਣ ਲਈ ਸਾਰਿਆਂ ਧਰਮਾਂ ਦੇ ਸਮਰਥਕਾਂ ਨੂੰ ਸੱਦਾ ਦਿੱਤਾ ਜਿਹਨਾਂ ਨੇ ਬਹੁਤ ਖ਼ੁਸੀ ਨਾਲ ਇਸ ਗਲ ਨੂੰ ਪਰਵਾਨ ਕੀਤਾ। ਵਿਵਾਦ ਵਿੱਚ ਸ਼ਰਤ ਸੀ ਕਿ ਕਿਸੇ ਧਰਮ ਉਤੇ

ਹਮਲਾ ਨਾ ਕੀਤਾ ਜਾਵੇ ਅਤੇ ਹੇਠ ਲਿਖੇ ਪੰਜ ਸਿਰਲੇਖਾਂ ਉੱਪਰ ਭਿੰਨ-ਭਿੰਨ ਧਰਮਾਂ ਦੇ ਪੈਰੋਕਰਾਂ ਨੂੰ ਲੇਖ ਲਿਖਣ ਦੀ ਬੇਨਤੀ ਕੀਤੀ ਗਈ :-

1. ਮਨੁੱਖ ਦੀ ਸ਼ਰੀਰਕ, ਆਚਰਣਕ ਅਤੇ ਆਤਮਕ ਅਵਸਥਾ ।
2. ਮਨੁੱਖ ਦੇ ਜੀਵਨ ਮਗਰੋਂ ਦੀ ਅਵਸਥਾ ।
3. ਸੰਸਾਰ ਵਿੱਚ ਮਨੁੱਖ ਦੇ ਜੀਵਨ ਦਾ ਮੂਲ ਉੱਦੇਸ਼ ਕੀ ਹੈ ਅਤੇ ਉਹ ਕੀਵੇਂ ਪੂਰਾ ਹੋ ਸਕਦਾ ਹੈ ?
4. ਕਰਮਾ ਦਾ ਪ੍ਰਭਾਵ ਸੰਸਾਰ ਅਤੇ ਪਰਲੋਕ ਵਿੱਚ ਕੀ ਹੁੰਦਾ ਹੈ ?
5. ਗਿਆਨ ਅਤੇ ਮਾਅਰਫ਼ਤ (ਅਧਿਆਤਮ) ਦੇ ਸਾਧਨ ਕੀ ਕੀ ਹਨ ?

ਇਸ ਕਾਨਫ੍ਰੈਂਸ ਦਾ ਪ੍ਰਸਤਾਵਕ ਹਜ਼ਰਤ ਅਲੈਹਿਸ ਸਲਾਮ ਦੀ ਸੇਵਾ ਵਿੱਚ ਵੀ ਕਾਦੀਆਂ ਹਾਜ਼ਰ ਹੋਇਆ ਅਤੇ ਆਪਨੇ ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸਮਰਥਨ ਦੇਣ ਦਾ ਵਚਨ ਦਿੱਤਾ ਸਗੋਂ ਸਹੀ ਅਰਥਾਂ ਵਿੱਚ ਇਸ ਕਾਨਫ੍ਰੈਂਸ ਦੀ ਨੀਂਹ ਆਪ ਹਜ਼ਰਤ ਮਸੀਹ ਮਊਦ ਅਲੈਹਿਸ ਸੱਲਾਮ ਨੇ ਹੀ ਰੱਖੀ ਸੀ ਜੋ ਵਿਅਕਤੀ ਮਗਰੋਂ ਇਸ ਕਾਨਫ੍ਰੈਂਸ ਦਾ ਪ੍ਰਸਤਾਵਕ ਬਣਿਆ ਕਾਦੀਆਂ ਆਇਆ ਤਾਂ ਹਜ਼ਰਤ ਅ.ਸ. ਨੇ ਇਹ ਯੋਜਨਾ ਪ੍ਰਸਤੁਤ ਕੀਤੀ ਸੀ । ਕਿਉਂਕਿ ਆਪਦਾ ਮੰਤਵ ਦੁਨੀਆਂ ਨੂੰ ਇਸ ਸੱਚਾਈ ਤੋਂ ਜਾਣੂ ਕਰਵਾਉਣਾ ਸੀ ਜੋ ਆਪ ਲੈਕੇ ਆਏ ਸਨ । ਅਤੇ ਆਪਦੇ ਸਾਰੇ ਕੰਮ ਦਿਖਾਵੇ ਤੋਂ ਉੱਪਰ ਉਠਕੇ ਹੁੰਦੇ ਸਨ । ਇਸ ਲਈ ਆਪਨੇ ਉਸ ਵਿਅਕਤੀ ਨੂੰ ਇਸ ਕੰਮ ਲਈ ਜਤਨ ਕਰਨ ਲਈ ਤਿਆਰ ਕੀਤਾ ਅਤੇ ਇਸ ਦਾ ਪਹਿਲਾ ਵਿਗਿਆਪਨ ਕਾਦੀਆਂ ਵਿੱਚ ਹੀ ਛਾਪਕੇ ਪ੍ਰਕਾਸ਼ਤ ਕਰਾਇਆ । ਆਪਣੇ ਇਕ ਮੁਰੀਦ ਨੂੰ ਨਿਯੁਕਤ ਕੀਤਾ ਕਿ ਉਹ ਉਹਨਾਂ ਦੀ ਹਰ ਪ੍ਰਕਾਰ ਦੀ ਮਦਦ ਕਰੇ ਅਤੇ ਆਪ ਵੀ ਲੇਖ ਲਿਖਣ ਦਾ ਬਚਨ ਦਿੱਤਾ । ਜਦ ਆਪ ਲੇਖ ਲਿਖਣ ਲੱਗੇ ਤਾਂ ਆਪ ਬਹੁਤ ਬਿਮਾਰ ਪੈ ਗਏ ਅਤੇ ਦਸਤਾਂ ਦੀ ਬਿਮਾਰੀ ਹੋ ਗਈ, ਪਰ ਇਸ ਰੋਗ ਵਿੱਚ ਵੀ ਆਪਨੇ ਇਕ ਲੇਖ ਲਿਖਿਆ ਅਤੇ ਜਦ ਆਪ ਉਹ ਲੇਖ ਲਿਖ ਰਹੇ ਸਨ ਤਾਂ ਆਪਨੂੰ ਇਲਾਹੀ ਬਚਨ ਹੋਇਆ ਕਿ "ਮਜ਼ਮੂਨ ਬਾਲਾ ਰਹਾ" (ਲੇਖ ਸਰਵਸਰੇਸ਼ਠ ਰਿਹਾ) ਅਰਥਾਤ ਆਪਦਾ ਲੇਖ ਇਸ ਕਾਨਫ੍ਰੈਂਸ ਵਿੱਚ ਹੋਰਨਾ ਲੇਖਾਂ ਤੋਂ ਸਰੇਸ਼ਠ (ਉੱਤਮ) ਰਹੇਗਾ । ਇਸ ਲਈ ਆਪਨੇ ਸਮੇਂ ਤੋਂ ਪਹਿਲਾਂ ਹੀ ਇਕ ਵਿਗਿਆਪਨ ਰਾਹੀਂ ਇਹ ਗਲ ਪ੍ਰਕਾਸ਼ਤ ਕਰ ਦਿੱਤੀ ਕਿ ਮੇਰਾ ਲੇਖ ਸਰਵਸਰੇਸ਼ਠ ਰਹੇਗਾ ।

ਕਾਨਫ੍ਰੈਂਸ (ਸਮਾਰੋਹ) 26, 27, 28 ਦਸੰਬਰ 1896 ਈ. ਨੂੰ ਨਿਯੁਕਤ ਸੀ । ਸੰਮੇਲਨ ਦੇ ਪ੍ਰਬੰਧ ਲਈ ਛੇ (6) ਮਾਡਰੇਟਰ ਨਿਯੁਕਤ ਸਨ ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :-

1. ਰਾਏ ਬਹਾਦੁਰ ਪਰਤੋਲ ਚੰਦਰ ਸਾਹਬ ਜੱਜ ਚੀਫ਼ ਕੋਰਟ ਪੰਜਾਬ।
2. ਖਾਨ ਬਹਾਦੁਰ ਸ਼ੇਖ਼ ਖ਼ੁਦਾ ਬਖ਼ਸ਼ ਸਾਹਬ ਜੱਜ ਸਮਾਲ ਕਾਜ਼ ਕੋਰਟ, ਲਾਹੌਰ।
3. ਰਾਏ ਬਹਾਦੁਰ ਪੰਡਤ ਰਾਧਾ ਕਿਸ਼ਨ ਕੋਲ ਪਲੀਡਰ ਚੀਫ਼ ਕੋਰਟ ਸਾਬਕ ਗਵਰਨਰ ਜਨਰਲ ਜੰਮੂ।
4. ਹਜ਼ਰਤ ਮੌਲਵੀ ਹਕੀਮ ਨੂਰੁੱਦੀਨ ਸਾਹਬ ਰਾਜ ਵੈਦ।
5. ਰਾਏ ਬਹਾਦੁਰ ਭਵਾਨੀ ਦਾਸ ਐਮ. ਏ. ਸੈਟਲਮੈਂਟ ਅਫ਼ਸਰ ਜਿਹਲਮ।
6. ਸਰਦਾਰ ਜਵਾਹਰ ਸਿੰਘ ਸਾਹਬ ਸੈਕਰੇਟਰੀ ਖਾਲਸਾ ਕਾਲਜ ਕਮੇਟੀ ਲਾਹੌਰ।

ਇਸ ਕਾਨਫ੍ਰੰਸ ਲਈ ਵੱਖ-ਵੱਖ ਧਰਮਾ ਦੇ ਪ੍ਰਸਿੱਧ ਵਿਦਵਾਨਾ ਨੇ ਲੇਖ ਤਿਆਰ ਕੀਤੇ ਸਨ। ਇਸ ਲਈ ਲੋਕਾਂ ਵਿੱਚ ਇਸ ਬਾਰੇ ਬਹੁਤ ਰੁਚੀ ਸੀ ਅਤੇ ਬਹੁਤ ਚਾਵ ਨਾਲ ਭਾਗ ਲੈਂਦੇ ਸਨ ਅਤੇ ਇਹ ਸੰਮੇਲਨ ਇਕ ਧਾਰਮਕ ਦੰਗਲ ਦਾ ਰੂਪ ਧਾਰ ਗਿਆ ਸੀ ਅਤੇ ਹਰ ਇਕ ਧਰਮ ਦੇ ਪੈਰੋਕਾਰ ਆਪਣੇ ਆਪਣੇ ਪ੍ਰਤੀਨਿੱਧੀਆਂ ਦੀ ਜਿੱਤ ਵੇਖਣ ਦੇ ਇੱਛੁਕ ਸਨ। ਇਸ ਅਵਸਥਾ ਵਿੱਚ ਸਾਰੇ ਪੁਰਾਣੇ ਧਰਮ ਜਿਹਨਾ ਦੇ ਮਨਣ ਵਾਲੇ ਬਹੁਸੰਖਿਆ ਵਿੱਚ ਹਨ ਬਿਲਕੁਲ ਸੁਰੱਖਿਅਤ ਸਨ ਕਿਉਂਕਿ ਉਹਨਾ ਦੀ ਦਾਦ ਦੇਣ ਵਾਲੇ ਲੋਕ ਸੰਮੇਲਨ ਵਿੱਚ ਬਹੁਗਿਣਤੀ ਵਿੱਚ ਹੁੰਦੇ ਸਨ, ਪਰ ਮਿਰਜ਼ਾ ਸਾਹਬ ਦਾ ਲੇਖ ਇਕ ਅਜੇਹੇ ਸੰਮੇਲਨ ਵਿੱਚ ਸੁਣਾਇਆ ਜਾਣਾ ਸੀ ਜਿਸ ਵਿੱਚ ਮਿੱਤਰ ਨਾਂ ਮਾਤਰ ਸਨ ਅਤੇ ਸਾਰੇ ਵਿਰੋਧੀ ਹੀ ਵਿਰੋਧੀ ਸਨ ਕਿਉਂਕਿ ਉਸ ਸਮੇਂ ਤੱਕ ਆਪਦੀ ਜਮਾਤ ਦੋ-ਤਿੰਨ ਸੌ ਤੋਂ ਵੱਧ ਨਹੀਂ ਸੀ ਅਤੇ ਸ਼ਾਇਦ ਸੰਮੇਲਨ ਵਿੱਚ ਪੰਜਾਹ ਤੋਂ ਵੱਧ ਲੋਕ ਵੀ ਸ਼ਾਮਲ ਨਾ ਹੋਣਗੇ।

ਆਪ ਦਾ ਭਾਸ਼ਣ 27 ਦਸੰਬਰ ਨੂੰ ਡੇਢ੍ਹ (1:30) ਵਜੇ ਤੋਂ ਸਾਢੇ ਤਿੰਨ (3:30) ਵਜੇ ਤੱਕ ਸੀ। ਆਪ, ਆਪ ਤਾਂ ਉੱਥੇ ਨ ਜਾ ਸਕੇ ਸਨ ਪਰ ਆਪਨੇ ਆਪਣੇ ਇਕ ਵਿਸ਼ੇਸ਼ ਮੁਰੀਦ ਮੌਲਵੀ ਅਬਦੁਲ ਕਰੀਮ ਸਾਹਬ ਨੂੰ ਆਪਣੇ ਵੱਲੋਂ ਲੇਖ ਪੜ੍ਹਨ ਲਈ ਨਿਯੁਕਤ ਕੀਤਾ ਸੀ। ਜਦ ਉਨ੍ਹਾਂ ਨੇ ਭਾਸ਼ਣ ਅਰੰਭ ਕੀਤਾ ਤਾਂ ਥੋੜੀ ਹੀ ਦੇਰ ਵਿੱਚ ਅਜੇਹਾ ਦ੍ਰਿਸ਼ ਹੋ ਗਿਆ ਜਿਵੇਂ ਲੋਕ ਬੁਤ ਬਣੇ ਬੈਠੇ ਹੋਣ ਅਤੇ ਸਮਾਂ ਮੁਕੱਣ ਤੱਕ ਲੋਕਾਂ ਨੂੰ ਪਤਾ ਹੀ ਨਾ ਲੱਗਾ ਕਿ ਆਪ ਕਿਨ੍ਹਾਂ ਚਿਰ ਬੋਲਦੇ ਰਹੇ। ਸਮਾਂ ਖ਼ਤਮ ਹੋਣ 'ਤੇ ਲੋਕਾਂ ਨੂੰ ਚਿੰਤਾ ਹੋਈ ਕਿਉਂਕਿ ਆਪਦੇ ਲੇਖ ਦਾ ਅਜੇ ਪਹਿਲਾ ਪ੍ਰਸ਼ਨ ਵੀ ਨਹੀਂ ਮੁੱਕਿਆ ਸੀ। ਅਤੇ ਉਸ ਸਮੇਂ ਲੋਕਾਂ ਦੀ ਖ਼ੁਸ਼ੀ ਦਾ ਅੰਤ ਨ ਰਿਹਾ ਜਦ ਮੌਲਵੀ ਮੁਬਾਰਕ ਅਲੀ ਸਾਹਬ ਸਿਆਲਕੋਟੀ ਨੇ ਜਿਨ੍ਹਾਂ ਦਾ ਭਾਸ਼ਣ ਆਪਦੇ ਮਗਰੋਂ ਸੀ ਘੋਸ਼ਣਾ ਕੀਤੀ ਕਿ ਆਪਦੇ ਲੇਖ ਦਾ ਸਮਾਂ ਵੀ ਹਜ਼ਰਤ ਸਾਹਬ ਨੂੰ ਹੀ ਦਿੱਤਾ ਜਾਏ।

ਇਸ ਪ੍ਰਕਾਰ ਮੌਲਵੀ ਅਬਦੁਲ ਰਕੀਮ ਸਾਹਬ ਆਪਦਾ ਭਾਸ਼ਣ ਪੜ੍ਹਦੇ ਗਏ ਇੱਥੋਂ ਤੱਕ ਕਿ ਸਾਢੇ ਚਾਰ (4:30) ਵੱਜ ਗਏ ਜਦ ਕਿ ਸਮਾਗਮ ਦਾ ਸਮਾਂ ਖ਼ਤਮ ਹੋਣਾ ਸੀ, ਪਰ ਹੁਣ ਵੀ ਪਹਿਲਾ ਪ੍ਰਸ਼ਨ ਖ਼ਤਮ ਨਹੀਂ ਹੋਇਆ ਸੀ ਅਤੇ ਲੋਕ ਬਜ਼ਿਦ ਸਨ ਕਿ ਇਸ ਭਾਸ਼ਣ ਨੂੰ ਸਮਾਪਤ ਨ ਕੀਤਾ ਜਾਵੇ। ਇਸ 'ਤੇ ਪ੍ਰਬੰਧਕਾਂ ਨੇ ਘੋਸ਼ਣਾ ਕੀਤੀ ਕਿ ਸਮੇਂ ਦਾ ਧਿਆਨ ਨ ਰਖਦਿਆ ਹੋਇਆ, ਇਹ ਲੇਖ ਜਾਰੀ ਰਹੇ ਜਿਸ 'ਤੇ ਸਾਢੇ ਪੰਜ (5:30) ਵਜੇ ਤੱਕ ਸੁਣਾਇਆ ਗਿਆ ਤਦ ਜਾਕੇ ਪਹਿਲੇ ਪ੍ਰਸ਼ਨ ਦਾ ਉੱਤਰ ਪੂਰਾ ਹੋਇਆ। ਲੇਖ ਦੇ ਮੁਕਦਿਆ ਹੀ ਲੋਕਾਂ ਨੇ ਜ਼ਿਦ ਕੀਤੀ ਕਿ ਇਸ ਲੇਖ ਦੇ ਸੰਮਪੂਰਨ ਕਰਨ ਲਈ ਸੰਮੇਲਨ ਦਾ ਇਕ ਦਿਨ ਹੋਰ ਵਧਾਇਆ ਜਾਏ ਇੰਝ 28 ਦਸੰਬਰ ਤੱਕ ਦੇ ਪ੍ਰੋਗਰਾਮ ਤੋਂ ਬਿਨਾ 29 ਦਸੰਬਰ ਨੂੰ ਵੀ ਸੰਮੇਲਨ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਅਤੇ ਉਸ ਦਿਨ ਕਿਉਕਿ ਕੁਝ ਹੋਰ ਧਰਮਾ ਦੇ ਪ੍ਰਤੀਨਿਧੀਆਂ ਨੇ ਵੀ ਸਮੇਂ ਦੀ ਬੇਨਤੀ ਕੀਤੀ ਸੀ। ਇਸ ਲਈ ਸੰਮੇਲਨ ਦੀ ਕਾਰਵਾਈ ਸਵੇਰੇ ਸਾਢੇ ਦਸ (10:30) ਵਜੇ ਦੀ ਥਾਂ ਸਾਢੇ ਨੌ (9:30) ਵਜੇ ਤੋਂ ਅਰੰਭ ਕਰਨ ਦੀ ਘੋਸ਼ਣਾ ਕੀਤੀ ਗਈ ਅਤੇ ਸਭ ਤੋਂ ਪਹਿਲਾਂ ਆਪ ਹੀ ਦਾ ਲੇਖ ਰੱਖਿਆ ਗਿਆ। ਪਹਿਲੇ ਦਿਨਾਂ ਵਿਚ ਲੋਕ 10:30 ਵਜੇ ਵੀ ਪੂਰੇ ਨਹੀਂ ਆਉਦੇ ਸਨ ਪਰ ਆਪਦੇ ਪਹਿਲੇ ਦਿਨ ਦੇ ਲੈਕਚਰ ਦਾ ਇਹ ਪ੍ਰਭਾਵ ਸੀ ਕਿ ਅਜੇ ਨੌਂ (9) ਵੀਂ ਨਹੀਂ ਵਜੇ ਸਨ ਕਿ ਹਰ ਇਕ ਧਰਮ ਦੇ ਲੋਕਾਂ ਦੇ ਜੱਥੇ ਦਰ ਜੱਥੇ ਸੰਮੇਲਨ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਠੀਕ ਸਮੇਂ 'ਤੇ ਸੰਮੇਲਨ ਸ਼ੁਰੂ ਕੀਤਾ ਗਿਆ। ਉਸ ਦਿਨ ਵੀ ਚਾਹੇ ਆਪ ਦੇ ਲੇਖ ਨੂੰ 2:30 ਘੰਟੇ ਦਿੱਤੇ ਗਏ ਸਨ ਪਰ ਭਾਸ਼ਣ ਦੇ ਇਸ ਸਮੇ ਵਿੱਚ ਨਾ ਮੁਕਣ ਕਾਰਣ ਪ੍ਰਬੰਧਕਾਂ ਨੂੰ ਹੋਰ ਸਮਾਂ ਦੇਣਾ ਪਿਆ ਕਿਉਕਿ ਸਾਰੇ ਹਾਜ਼ਰ ਸਰੋਤੇ ਇਕ ਜ਼ਬਾਨ ਹੋ ਕੇ ਇਸ ਭਾਸ਼ਣ ਦੇ ਜਾਰੀ ਰੱਖਣ ਤੇ ਬਜ਼ਿਦ ਸਨ ਇਸ ਲਈ ਮਾਡਰੇਟਰ ਸਾਹਿਬਾਨ ਨੂੰ ਸਮਾਂ ਵਧਾਉਣਾ ਪਿਆ। ਭਾਵ ਦੋ ਦਿਨਾਂ ਦੇ ਲਗਭਗ ਸਾਢੇ ਸੱਤ ਘੰਟਿਆ ਵਿੱਚ ਜਾਕੇ ਇਹ ਭਾਸ਼ਣ ਸਮਾਪਤ ਹੋਇਆ ਅਤੇ ਸਾਰੇ ਲਾਹੌਰ ਵਿੱਚ ਰੌਲ੍ਹਾ ਪੈ ਗਿਆ ਅਤੇ ਸਾਰਿਆ ਨੇ ਮੰਨਿਆ ਕਿ ਮਿਰਜ਼ਾ ਸਾਹਬ ਦਾ ਲੇਖ ਸਰਬ ਉੱਤਮ ਰਿਹਾ ਅਤੇ ਹਰ ਧਰਮ ਦੇ ਪੈਰੋਕਾਰ ਇਸ ਦੀ ਖ਼ੂਬੀ ਦੇ ਸਮਰਥਕ ਹੋਏ। ਸੰਮੇਲਨ ਦੀ ਰਿਪੋਰਟ ਬਨਾਉਣ ਵਾਲਿਆ ਦਾ ਅਨੁਮਾਨ ਹੈ ਕਿ ਆਪ ਦੇ ਭਾਸ਼ਣ ਦੇ ਸਮੇਂ ਸਰੋਤਿਆ ਦੀ ਗਿਣਤੀ ਵਧੱਦੇ-ਵਧੱਦੇ ਸੱਤ-ਅੱਠ ਹਜ਼ਾਰ ਤਕ ਵੱਧ ਜਾਂਦੀ ਸੀ। ਭਾਵ ਇਹ ਕਿ ਇਹ ਭਾਸ਼ਣ ਇਕ ਮਹਾਨ ਵਿਜੇ ਸੀ ਅਤੇ ਉਸ ਦਿਨ ਆਪਦਾ ਸਿੱਕਾ ਆਪਦੇ ਵਿਰੋਧੀਆਂ ਦੇ ਦਿਲਾਂ 'ਤੇ ਹੋਰ ਵੀ ਬੈਠ ਗਿਆ ਅਤੇ ਆਪਦੇ ਵਿਰੋਧੀ ਸਮਾਚਾਰ ਪਤਰਾਂ ਨੇ ਇਸ ਗਲ ਨੂੰ ਮੰਨਿਆ ਕਿ ਆਪਦਾ ਲੇਖ ਇਸ ਕਾਨਫ੍ਰੈਂਸ ਵਿੱਚ ਸਰਬਉੱਤਮ ਰਿਹਾ। ਇਹ ਲੇਖ ਉਹੋ ਹੈ ਜਿਸ ਦਾ ਅੰਗਰੇਜ਼ੀ ਅਨੁਵਾਦ

''ਟੀਚਿੰਗਜ਼ ਆਫ਼ ਇਸਲਾਮ'' ਯੂਰੋਪ ਅਤੇ ਅਮੇਰਿਕਾ ਵਿੱਚ ਵਿਸ਼ੇਸ਼ ਰੂਪ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਚੁਕਿਆ ਹੈ।

1897 ਈ. ਦੇ ਅਰੰਭ ਵਿੱਚ ਇਸਾਈ ਦੁਨੀਆ 'ਤੇ ਅਤਮਾਮੇ ਹੁੱਜਤ (ਦਲੀਲਾਂ ਦੀ ਪੂਰਤੀ) ਲਈ ਇਕ ਹੋਰ ਢੰਗ ਪੇਸ਼ ਕੀਤਾ ਗਿਆ ਅਤੇ ਹਜ਼ਰਤ ਮਸੀਹ ਅਲੈਹਿਸਸਲਾਮ ਦੇ ਹਕੀਕੀ ਵਿਅਕਤੀਤਵ ਨੂੰ ਪ੍ਰਮਾਣਿਤ ਕਰਨ ਲਈ ਇਸਾਈਆਂ ਦੇ ਗਲਤ ਅਕੀਦਿਆਂ ਦੇ ਸੁਧਾਰ ਲਈ ਚਾਲ੍ਹੀ ਦਿਨਾਂ ਦੇ ਮੁਕਾਬਲੇ ਦੀ ਘੋਸ਼ਣਾ ਕੀਤੀ, ਭਾਵੇਂ ਇਸ ਪ੍ਰਤੀਯੋਗਤਾ ਵਿੱਚ ਹੋਰਨਾਂ ਧਰਮਾਂ ਦੇ ਸਮਰਥਕ ਵੀ ਸ਼ਾਮਲ ਸਨ ਪਰ ਇਸਾਈ ਵਿਸ਼ੇਸ਼ ਰੂਪ ਵਿੱਚ ਸੰਬੋਧਤ ਸਨ। ਇਸਦੇ ਨਾਲ ਇਕ ਹਜ਼ਾਰ ਰੁਪਏ ਦਾ ਇਨਾਮ ਵੀ ਉਸ ਵਿਅਕਤੀ ਲਈ ਨਿਯੁਕਤ ਸੀ ਜੋ ਈਸਾ ਮਸੀਹ ਦੀਆਂ ਭਵਿਖਬਾਣੀਆਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੀਆਂ ਭਵਿਖਬਾਣੀਆਂ ਅਤੇ ਨਿਸ਼ਾਨਾਂ ਤੋਂ ਸ਼ਕਤੀਸ਼ਾਲੀ ਦਿਖਾ ਸਕੇ ਪਰ ਕਿਸੇ ਨੂੰ ਜੁੱਰਤ ਅਤੇ ਹੌਂਸਲਾ ਨਾ ਹੋਇਆ।

## ਲੇਖਰਾਮ ਦੇ ਕਤਲ ਦੀ ਘਟਨਾ

1897 ਈ. ਵਿੱਚ ਲੇਖਰਾਮ ਨਾਮੀ ਇਕ ਆਰਿਆ 6 ਮਾਰਚ ਨੂੰ ਆਪਦੀ ਇਕ ਭਵਿਖਬਾਣੀ ਅਨੁਸਾਰ ਮਾਰਿਆ ਗਿਆ ਅਤੇ ਇਸ 'ਤੇ ਆਰਿਆਂ ਵਿੱਚ ਬਹੁਤ ਰੌਲ੍ਹਾ ਪਿਆ ਅਤੇ ਕੁਝ ਸ਼ਰਪਸੰਦਾ ਨੇ ਵੱਖ-ਵੱਖ ਢੰਗਾ ਨਾਲ ਅਹਿਮਦੀਆ ਨੂੰ ਅਤੇ ਫ਼ਿਰ ਉਨ੍ਹਾਂ ਨਾਲ ਹੋਰਨਾ ਮੁਸਲਮਾਨਾ ਨੂੰ ਵੀ ਦੁੱਖ ਦੇਣੇ ਸ਼ੁਰੂ ਕਰ ਦਿੱਤੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੇ ਖ਼ਿਲਾਫ਼ ਤਾਂ ਬਹੁਤ ਅਧਿਕ ਰੌਲਾ ਪਿਆ ਅਤੇ ਖੁੱਲੇ ਸ਼ਬਦਾਂ ਵਿੱਚ ਆਪ ਉੱਪਰ ਕਤਲ ਦਾ ਅਰੋਪ ਲਗਾਇਆ ਗਿਆ ਅਤੇ ਤਤਕਾਲ ਆਪਦੀ ਤਲਾਸ਼ੀ ਲਈ ਗਈ ਕਿ ਸ਼ਾਇਦ ਕੋਈ ਕਤਲ ਦਾ ਸੁਰਾਗ ਮਿਲ ਜਾਵੇ ਪਰ ਰੱਬ ਨੇ ਦੁਸ਼ਮਨਾਂ ਨੂੰ ਹਰ ਪੱਖੋਂ ਅਸਫ਼ਲ ਰੱਖਿਆ ਅਤੇ ਹਰ ਪੱਖੋਂ ਆਪ 'ਤੇ ਅਰੋਪ ਲਗਾਉਣ ਦਾ ਜਤਨ ਕੀਤਾ ਗਿਆ ਪਰ ਫਿਰ ਵੀ ਸਫ਼ਲਤਾ ਨਹੀਂ ਮਿਲੀ ਅਤੇ ਆਪ ਇਸ ਅਰੋਪ ਤੋਂ ਬਿਲਕੁਲ ਪਵਿੱਤਰ ਸਿੱਧ ਹੋਏ।

## ਹੁਸੈਨ ਕਾਮੀ ਰੂਮੀ ਦੂਤ ਦਾ ਕਾਦੀਆਂ ਵਿੱਚ ਆਉਣਾ

ਮਈ 1897 ਈ. ਵਿੱਚ ਇਕ ਮਹਾਨ ਘਟਨਾ ਦਾ ਅਰੰਭ ਹੋਇਆ ਜੋ

ਇਤਹਾਸ ਵਿੱਚ ਇਕ ਚਮਤਕਾਰ ਦੇ ਰੂਪ ਵਿੱਚ ਰਹੇਗਾ । ਹੁਸੈਨ ਕਾਮੀ ਰੂਮੀ ਦੂਤ ਆਪਣੀਆਂ ਕਈ ਬੇਨਤੀਆਂ ਮਗਰੋਂ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੀ ਸੇਵਾ ਵਿੱਚ ਕਾਦੀਆ ਹਾਜ਼ਰ ਹੋਇਆ । ਹਜ਼ਰਤ ਨੇ ਆਪਣੀ ਇਲਾਹੀ ਪ੍ਰਤੀਭਾ ਅਤੇ ਗਿਆਨ ਰਾਹੀਂ ਉਸ ਨੂੰ ਉਸਦੀ ਆਪਣੀ ਹਾਲਤ ਅਤੇ ਤੁਰਕੀ 'ਤੇ ਆਉਣ ਵਾਲੇ ਸੰਕਟਾ ਤੋਂ ਸੁਚਿਤ ਕੀਤਾ ਕਿਉਕਿ ਉਕਤ ਦੂਤ ਨੇ ਰੋਮ ਦੇ ਰਾਜ ਬਾਰੇ ਵਿਸ਼ੇਸ਼ ਦੂਆ ਦੀ ਬੇਨਤੀ ਕੀਤੀ ਸੀ ਜਿਸ 'ਤੇ ਆਪਨੇ ਉਸਨੂੰ ਸਾਫ਼ ਕਹਿ ਦਿੱਤਾ ਕਿ ਸੁਲਤਾਨ (ਰੋਮ ਦੇ ਰਾਜਾ) ਦੇ ਰਾਜ ਦੀ ਹਾਲਤ ਚੰਗੀ ਨਹੀਂ ਹੈ ਅਤੇ ਮੈਂ ਕਸ਼ਫ਼ੀ (ਦੈਵੀ ਗਿਆਨ) ਰੂਪ ਵਿੱਚ ਉਸਦੇ ਰੁਕਨਾਂ (ਅਹਿਲਕਾਰਾਂ) ਦੀ ਹਾਲਤ ਚੰਗੀ ਨਹੀਂ ਦੇਖਦਾ ਮੇਰੇ ਨੇੜੇ ਇਨ੍ਹਾਂ ਹਾਲਤਾਂ ਵਿੱਚ ਅੰਜਾਮ ਚੰਗਾ ਨਹੀਂ ।

ਇਹਨਾਂ ਗਲ੍ਹਾਂ ਤੋਂ ਉਪਰੋਕਤ ਦੂਤ ਰੁੱਠਕੇ ਚਲਾ ਗਿਆ ਅਤੇ ਲਾਹੌਰ ਦੇ ਇਕ ਸਮਾਚਾਰ ਪਤੱਰ ਵਿੱਚ ਮੰਦੀਆਂ ਗਾਲ੍ਹਾਂ ਦੀ ਇਕ ਚਿੱਠੀ ਛਪਵਾਈ ਜਿਸ ਤੋਂ ਭਾਰਤ ਤੇ ਪੰਜਾਬ ਦੇ ਮੁਸਲਮਾਨਾ ਵਿੱਚ ਸ਼ੋਰ ਪੈਗਿਆ ਪਰ ਪਿੱਛੋਂ ਆਉਣ ਵਾਲੀਆਂ ਘਟਨਾਵਾਂ ਨੇ ਇਸ ਹਕੀਕਤ ਨੂੰ ਖੋਲ ਦਿੱਤਾ ਇਸ ਨਾਲ ਲਗਦੀਆ ਬਹੁਤ ਸਾਰੀਅਂ ਭਵਿਖਬਾਣੀਆਂ ਪੂਰੀਆਂ ਹੋ ਗਈਆਂ । ਉਪਰੋਕਤ ਦੂਤ ਆਪ ਵੀ ਹਜ਼ਰਤ ਮਸੀਹ ਮੌਊਦ ਦੇ ਪ੍ਰਸਿੱਧ ਇਲਹਾਮ (ਇਲਾਹੀ ਸੂਚਨਾ) ਇੰਨੀ ਮੁਹੀਨੂੰਨ ਮਨ ਅਰਾਦਾ ਇਹਾਨਾਤਾਕਾ ਦਾ ਨਿਸ਼ਾਨਾ ਬਣਿਆ ਕਿਉਕਿ ਉਹ ਇਕ ਸੰਗੀਨ ਅਰੋਪ ਵਿੱਚ ਫ਼ੜਿਆ ਜਾ ਕੇ ਦੰਡਿਤ ਕੀਤਾ ਗਿਆ ਅਤੇ ਜਿਸ ਸਮਾਚਾਰ ਪਤੱਰ ਨੇ ਵੱਡੇ ਜ਼ੋਰ ਨਾਲ ਲੇਖ ਦਾ ਪੱਖ ਪੂਰਿਆ ਸੀ ਅਤੇ ਉਸਨੂੰ ਛਾਪਿਆ ਸੀ ਉਹ ਵੀ ਦੰਡ ਤੋਂ ਨ ਬਚਿਆ ਅਤੇ ਤੁਰਕੀ ਦੀ ਜੋ ਹਾਲਤ ਹੈ ਉਹ ਹਰ ਇਕ ਵਿਅਕਤੀ ਜਾਣਦਾ ਹੈ ।

# ਮੁਕਦਮਾ ਡਾਕਟਰ ਮਾਰਟਨ ਕਲਾਰਕ

ਇਸੇ ਸਨ ਦੀ ਪਹਿਲੀ ਅਗਸਤ ਨੂੰ ਆਪਦੇ ਵਿਰੁਧ ਡਾਕਟਰ ਮਾਰਟਨ ਕਲਾਰਕ ਨਾਮੀ ਇਕ ਇਸਾਈ ਪਾਦਰੀ ਨੇ ਮੁਕਦਾ ਸਾਜ਼ਸ਼ ਕਤਲ ਮਿਸਟਰ ਏ. ਈ. ਮਾਰਟੀਨੋ ਡਿਸਟਿਰਕਟ ਮਜਿਸਟ੍ਰੇਟ ਅਮ੍ਰਿਤਸਰ ਦੀ ਅਦਾਲਤ ਵਿੱਚ ਦਾਇਰ ਕੀਤਾ ਅਤੇ ਬਿਆਨ ਦਿੱਤਾ ਕਿ ਮਿਰਜ਼ਾ ਸਾਹਬ ਨੇ ਅਬਦੁਲ ਹਮੀਦ ਨਾਂ ਦੇ ਇਕ ਵਿਅਕਤੀ ਨੂੰ ਮੇਰਾ ਕਤਲ ਕਰਨ ਲਈ ਭੇਜਿਆ ਸੀ । ਪਹਿਲਾਂ ਤਾ ਡਿਪਟੀ ਕਮਿਸ਼ਨਰ ਸਾਹਬ ਬਹਾਦੁਰ ਨੇ ਆਪਦੇ ਨਾਂ ਵਾਰੰਟ ਗ੍ਰਿਫ਼ਤਾਰੀ ਕੱਢਿਆ ਪਰ ਮਗਰੋਂ ਉਹਨਾਂ ਨੂੰ ਪਤਾ ਲੱਗਾ ਕਿ ਹੋਰ ਜ਼ਿਲੇ ਦਾ ਹੋਣ ਕਰਕੇ ਇਹ ਗਲ ਉਨ੍ਹਾਂ ਦੇ

ਅਧਿਕਾਰ 'ਚੋਂ ਬਾਹਰ ਹੈ ਇਸ ਲਈ ਮੁਕਦਮਾ ਡਿਸਟ੍ਰਿਕਟ ਮਜਿਸਟ੍ਰੇਟ ਸਾਹਬ ਜ਼ਿਲਾ ਗੁਰਦਾਸਪੁਰ ਦੀ ਅਦਾਲਤ ਵਿੱਚ ਲਿਆਂਦਾ ਗਿਆ ਜਿਨ੍ਹਾਂ ਦਾ ਨਾਂ ਐਮ. ਡਬਲਯੂ ਡਗਲਸ ਹੈ ਜੋ ਇਸ ਸਮੇਂ ਅੰਡੇਮਾਨ ਦੀਪ ਸਮੂਹ ਦੀ ਚੀਫ਼ ਕਮਿਸ਼ਨਰੀ ਤੋਂ ਪੈਂਸ਼ਨ ਲੈਕੇ ਵਿਲਾਇਤ ਵਿੱਚ ਹਨ ।[1] ਆਪਦੇ ਸਾਹਮਣੇ ਵੀ ਅਬਦੁਲ ਹਮੀਦ ਨੇ ਇਹੋ ਬਿਆਨ ਦਿੱਤਾ ਕਿ ਮੈਨੂੰ ਮਿਰਜ਼ਾ ਸਾਹਬ ਨੇ ਮਾਰਟਨ ਕਲਾਰਕ ਸਾਹਬ ਦੇ ਕਤਲ ਲਈ ਭੇਜਿਆ ਸੀ ਅਤੇ ਕਿਹਾ ਸੀ ਕਿ ਇਕ ਵੱਡੇ ਪੱਥਰ ਨਾਲ ਇਹਨਾਂ ਨੂੰ ਮਾਰ ਦਿਓ । ਪਰ ਕਿਉਂਕਿ ਉਸ ਬਿਆਨ ਵਿੱਚ ਜੋ ਉਸਨੇ ਡਿਸਟ੍ਰਿਕ ਮਜਿਸਟ੍ਰੇਟ ਅਮ੍ਰਿਤਸਰ ਦੇ ਸਾਹਮਣੇ ਦਿੱਤਾ ਸੀ ਅਤੇ ਇਸ ਬਿਆਨ ਵਿੱਚ ਜੋ ਆਪਦੇ ਸਾਹਮਣੇ ਦਿੱਤਾ ਸੀ ਕੁਝ ਅਤੰਰ ਸੀ ਇਸ ਲਈ ਆਪਨੂੰ ਕੁਝ ਸ਼ਕ ਪੈ ਗਿਆ ਅਤੇ ਆਪਨੇ ਵੱਡੇ ਜ਼ੋਰ ਨਾਲ ਇਸ ਕਾਰਜ ਦੀ ਛਾਨ-ਬੀਨ ਕੀਤੀ ਅਤੇ ਚਾਰ ਹੀ ਪੇਸ਼ੀਆਂ ਵਿੱਚ 27 ਦਿਨਾਂ ਦੇ ਅੰਦਰ ਮੁਕਦਮੇ ਦਾ ਫ਼ੈਸਲਾ ਕਰ ਦਿੱਤਾ ਅਤੇ ਆਪਦੇ ਮੁਕਾਬਲੇ ਵਿੱਚ ਇਕ ਮਸੀਹੀ ਜਮਾਤ ਦੇ ਹੁੰਦਿਆ ਹੋਇਆ ਵੀ ਪਖਪਾਤ ਕੀਤਿਆਂ ਬਿਨਾ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੇ ਪੱਖ ਵਿੱਚ ਫ਼ੈਸਲਾ ਦੇ ਦਿੱਤਾ ਅਤੇ ਆਪ ਨੂੰ ਸਾਫ਼ ਬਾਇੱਜ਼ਤ ਬਰੀ ਕਰ ਦਿੱਤਾ ਅਤੇ ਆਗਿਆ ਦਿੱਤੀ ਕਿ ਆਪਣੇ ਵਿਰੋਧੀਆ ਦੇ ਖ਼ਿਲਾਫ਼ ਮੁਕਦਮਾ ਦਾਇਰ ਕਰਨ ਪਰ ਆਪਨੇ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਅਤੇ ਉਹਨਾ 'ਤੇ ਕੋਈ ਮੁਕਦਮਾ ਨ ਕੀਤਾ ਡਿਸਟ੍ਰਿਕਟ ਮਜਿਸਟ੍ਰੇਟ ਸਾਹਬ ਆਪਣੇ ਫ਼ੈਸਲੇ ਵਿੱਚ ਲਿਖਦੇ ਹਨ :-

> *''ਅਸੀਂ ਉਸਦਾ ਬਿਆਨ ਸੁਣਦੇ ਹੀ ਉਸ ਨੂੰ ਅਕਲੋਂ ਦੂਰ ਸਮਝਿਆ ਕਿਉਂਕਿ ਅਵੱਲ ਤਾਂ ਉਸਦਾ ਬਿਆਨ ਜੋ ਸਾਡੇ ਸਾਹਮਣੇ ਹੋਇਆ ਉਸ ਬਿਆਨ ਤੋਂ ਭਿੰਨ ਸੀ ਜੋ ਅਮ੍ਰਤਸਰ ਦੇ ਡਿਸਟ੍ਰਿਕਟ ਮਜਿਸਟ੍ਰੇਟ ਸਾਹਬ ਦੇ ਸਾਹਮਣੇ ਹੋਇਆ ਸੀ । ਇਸ ਤੋਂ ਬਿਨਾ ਉਸਦੀ ਚਾਲ-ਢਾਲ ਹੀ ਸ਼ਕ ਵਾਲੀ ਸੀ । ਦੂਜੇ ਅਸੀਂ ਉਸਦੇ ਬਿਆਨਾਂ ਵਿੱਚ ਇਹ ਅਜੀਬ ਗਲ ਵੇਖੀ ਕਿ ਜਿਨ੍ਹਾਂ ਚਿਰ ਉਹ ਬਟਾਲੇ ਵਿੱਚ ਮਿਸ਼ਨ ਦੇ ਮੁਲਾਜ਼ਮਾ ਕੋਲ ਰਿਹਾ ਉਸਦਾ ਬਿਆਨ ਵਿਸਤਾਰ ਤੇ ਲੰਮਾ ਹੁੰਦਾ ਗਿਆ। ਇਸ ਪ੍ਰਕਾਰ ਉਸ ਨੇ ਇਕ ਬਿਆਨ 12 ਅਗਸਤ ਨੂੰ ਦਿੱਤਾ ਅਤੇ ਇਕ 13 ਅਗਸਤ ਨੂੰ ਅਤੇ ਦੂਜੇ ਦਿਨ ਦੇ ਬਿਆਨ ਵਿੱਚ ਵਿਸਤਾਰ ਵੱਧ ਗਿਆ ਜੋ ਪਹਿਲੇ ਦਿਨ ਦੇ ਬਿਆਨ ਵਿੱਚ ਨਹੀ ਸੀ । ਇਸ ਲਈ ਇਸ ਤੇ ਸਾਨੂੰ ਸ਼ਕ ਹੋਇਆ ਕਿ ਜਾਂ ਤਾਂ ਇਸ ਨੂੰ ਕੋਈ ਸਿਖਾਉਂਦਾ ਹੈ*

*[1] ਹੁਣ ਕੈਪਟਨ ਸਾਹਬ ਦਾ ਦੇਹਾਂਤ ਹੋ ਚੁਕਿਆ ਹੈ ।*

*ਜਾਂ ਇਸ ਨੂੰ ਬਹੁਤ ਕੁਝ ਪਤਾ ਹੈ ਜਿਸ ਨੂੰ ਇਹ ਪ੍ਰਗਟ ਨਹੀਂ ਕਰਨਾ ਚਾਹੁੰਦਾ। ਇਸ ਲਈ ਅਸੀ ਸੁਪਰੀਡੰਟ ਸਾਹਬ ਪੁਲਿਸ ਨੂੰ ਕਿਹਾ ਜੋ ਕਿ ਯੋਰਪੀਅਨ ਅਫ਼ਸਰ ਸਨ ਕਿ ਇਸ ਨੂੰ ਮਿਸ਼ਨ ਕੰਪਾਉਡ 'ਚੋਂ ਕੱਢ ਕੇ ਆਪਣੀ ਤਹਵੀਲ (ਹਿਰਾਸਤ) ਵਿੱਚ ਰੱਖੋ ਅਤੇ ਫ਼ਿਰ ਬਿਆਨ ਲਓ। ਉਹਨਾ ਨੇ ਉਸਨੂੰ ਮਿਸ਼ਨ ਦੇ ਕਬਜ਼ੇ 'ਚੋਂ ਕੱਢ ਲਿਆ ਅਤੇ ਜਦ ਆਪਨੇ ਉਸਦਾ ਬਿਆਨ ਲਿਆ ਤਾਂ ਉਹ ਬਿਨ੍ਹਾਂ ਕਿਸੇ ਵਾਦਾ-ਮੁਆਫ਼ੀ ਦੇ ਰੋ ਕੇ ਪੈਰ੍ਹਾਂ ਵਿੱਚ ਡਿਗ ਪਿਆ ਅਤੇ ਬਿਆਨ ਦਿੱਤਾ ਕਿ ਮੈਨੂੰ ਡਰਾ-ਧਮਕਾ ਕੇ ਇਹ ਸਭ ਕੁਝ ਅਖਵਾਇਆ ਗਿਆ ਹੈ ਅਤੇ ਮੈਂ ਆਪਣੇ ਤੋਂ ਤੰਗ ਸੀ ਅਤੇ ਆਤਮ ਹੱਤਿਆ ਕਰਨ ਲਈ ਤਿਆਰ ਸੀ ਅਤੇ ਵਾਸਤਵਿਕਤਾ ਇਹ ਹੈ ਕਿ ਜੋ ਕੁਝ ਮੈਂ ਮਿਰਜ਼ਾ ਸਾਹਬ ਦੇ ਖ਼ਿਲਾਫ਼ ਬਿਆਨ ਦਿੱਤਾ ਹੈ ਉਹ ਅਬਦੁਲ ਰਹੀਮ, ਵਾਰਿਸੁੱਦੀਨ ਅਤੇ ਪ੍ਰੇਮਦਾਸ ਇਸਾਈਆਂ ਦੀ ਸਾਜ਼ਸ਼ ਅਤੇ ਉਨ੍ਹਾਂ ਦੇ ਸਿਖਾਉਣ ਨਾਲ ਕੀਤਾ ਹੈ। ਮਿਰਜ਼ਾ ਸਾਹਬ ਨੇ ਨ ਮੈਨੂੰ ਭੇਜਿਆ ਅਤੇ ਨ ਹੀ ਮੇਰਾ ਉਨ੍ਹਾਂ ਨਾਲ ਕੋਈ ਸੰਬੰਧ ਸੀ। ਇਸ ਲਈ ਜੋ ਔਕੜ ਇਕ ਦਿਨ ਦੇ ਬਿਆਨ ਵਿੱਚ ਆਉਦੀ ਦੂਸਰੇ ਦਿਨ ਇਹ ਮੈਨੂੰ ਸਿਖਾ ਦਿੰਦੇ ਅਤੇ ਮਿਰਜ਼ਾ ਸਾਹਬ ਦੇ ਜਿਸ ਮੁਰੀਦ ਬਾਰੇ ਮੈਂ ਕਿਹਾ ਸੀ ਕਿ ਉਸਨੇ ਕਤਲ ਮਗਰੋਂ ਮੈਨੂੰ ਪਨਾਹ ਦੇਣੀ ਸੀ ਉਸਦੀ ਸ਼ਕਲ ਤੋਂ ਵੀ ਮੈਂ ਜਾਣੂ ਨਹੀਂ ਨ ਉਸਦਾ ਨਾਂ ਸੁਣਿਆ ਸੀ ਉਹਨਾਂ ਆਪ ਹੀ ਉਸਦਾ ਨਾਂ ਅਤੇ ਪਤਾ ਮੈਨੂੰ ਚੇਤੇ ਕਰਵਾਇਆ ਅਤੇ ਇਸ ਡਰ ਕਾਰਣ ਕਿ ਮੈਂ ਭੁਲ ਨ ਜਾਵਾਂ ਮੇਰੀ ਹਥੇਲੀ ਉਪਰ ਪੈਨ ਨਾਲ ਨਾਂ ਲਿੱਖ ਦਿੱਤਾ ਸੀ ਕਿ ਉਸ ਸਮੇਂ ਦੇਖ ਲਈ ਅਤੇ ਇਹ ਵੀ ਕਿਹਾ ਕਿ ਜਦ ਪਹਿਲਾ ਮੈਥੋਂ ਮਿਰਜ਼ਾ ਸਾਹਬ ਦੇ ਖਿਲਾਫ਼ ਬਿਆਨ ਲਿਖਵਾਇਆ ਤਾਂ ਇਨ੍ਹਾਂ ਇਸਾਈਆਂ ਨੇ ਖੁਸ਼ ਹੋਕੇ ਕਿਹਾ ਕਿ ਹੁਣ ਸਾਡੇ ਦਿਲ ਦੀ ਮੁਰਾਦ ਪੂਰੀ ਹੋਈ (ਅਰਥਾਤ ਅਸੀਂ ਹੁਣ ਮਿਰਜ਼ਾ ਸਾਹਬ ਨੂੰ ਫਸਾਵਾਂਗੇ)"*

ਇਹ ਸਭ ਕੁਝ ਵਿਸਤਾਰ ਨਾਲ ਲਿਖਕੇ ਮਜਿਸਟ੍ਰੇਟ ਸਾਹਬ ਬਹਾਦੁਰ ਨੇ ਆਪ ਨੂੰ ਬਰੀ ਕੀਤਾ। ਇਸ ਮੁਕੱਦਮੇ 'ਤੇ ਆਪਦੇ ਵਿਰੋਧੀ ਇੰਨੇ ਖੁਸ਼ ਸਨ ਕਿ ਇਕ ਆਰਿਆ ਵਕੀਲ ਨੇ ਬਿਨਾਂ ਪੈਸਿਆਂ ਦੇ ਇਸਾਈਆਂ ਵੱਲੋਂ ਪੈਰਵੀ ਕੀਤੀ ਅਤੇ ਮੁਸਲਮਾਨ ਮੌਲਵੀ ਵੀ ਆਪਦੇ ਖ਼ਿਲਾਫ਼ ਗਵਾਹੀ ਦੇਣ ਲਈ ਆਏ। ਭਾਵ ਇਸਾਈ, ਹਿੰਦੂ ਅਤੇ ਮੁਸਲਮਾਨਾਂ ਨੇ ਰਲਕੇ ਆਪ ਉੱਤੇ ਹਮਲਾ ਕੀਤਾ ਅਤੇ ਕੁਝ ਨਜਾਇਜ਼ ਢੰਗ ਆਪਣਾਏ ਗਏ, ਪਰ ਰੱਬ ਨੇ ਕੈਪਟਨ ਡਗਲਸ ਨੂੰ ਪਲਾਤੁਸ ਤੋਂ

ਵੱਧ ਹਿੰਮਤ ਅਤੇ ਹੌਂਸਲਾ ਦਿੱਤਾ। ਉਹਨਾਂ ਨੇ ਹਰ ਮੌਕੇ ਤੇ ਇਹੋ ਕਿਹਾ ਕਿ ਮੈਂ ਬੇਈਮਾਨੀ ਨਹੀਂ ਕਰ ਸਕਦਾ, ਅਤੇ ਇਹ ਨਹੀਂ ਕੀਤਾ ਕਿ ਆਪਣੇ ਹੱਥ ਧੋਕੇ ਮਸੀਹ ਮਊਦ ਅ.ਸ. ਨੂੰ ਉਸਦੇ ਦੁਸ਼ਮਨਾਂ ਹੱਥ ਦੇ ਦਿੰਦੇ ਸਗੋਂ ਉਹਨਾਂ ਨੇ ਆਪਨੂੰ ਬਰੀ ਕੀਤਾ ਅਤੇ ਇਸ ਪ੍ਰਕਾਰ ਰੋਮਨ ਸਰਕਾਰ 'ਤੇ ਬ੍ਰਿਟਿਸ਼ ਰਾਜ ਦੀ ਵੱਡਿਆਈ ਸਿੱਧ ਕਰ ਦਿੱਤੀ।

ਇਨ੍ਹਾਂ ਹੀ ਦਿਨਾਂ ਵਿੱਚ ਆਪਨੇ ''ਅੱਸੁਲਹੋ ਖ਼ੈਰ'' ਦੇ ਨਾਂ ਨਾਲ ਇਕ ਇਸ਼ਤਿਹਾਰ ਪ੍ਰਕਾਸ਼ਤ ਕਰਕੇ ਮੁਸਲਮਾਨ ਮੌਲਵੀਆਂ ਅੱਗੇ ਵਿਉਂਤ ਰੱਖੀ ਕਿ ਉਹ ਆਪਦੀ ਵਿਰੋਧਤਾ ਕਰਨੀ ਛੱਡ ਦੇਣ ਅਤੇ ਆਪਨੂੰ ਦੁਸ਼ਮਣਾਂ ਦਾ ਸਾਹਮਣਾ ਕਰਨ ਦੇਣ ਅਤੇ ਇਸ ਲਈ 10 ਵਰ੍ਹਿਆਂ ਦਾ ਸਮਾਂ ਨਿਸ਼ਚਿਤ ਕੀਤਾ ਕਿ ਇਸ ਨਿਸ਼ਚਿਤ ਸਮੇਂ ਅੰਦਰ ਜੇਕਰ ਮੈਂ ਝੂਠਾ ਹਾਂ ਤਾਂ ਆਪ ਤਬਾਹ ਹੋ ਜਾਵਾਂਗਾ ਅਤੇ ਜੇਕਵ ਸੱਚਾ ਹਾਂ ਤਾਂ ਤੁਸੀਂ ਅਜ਼ਾਬ (ਪ੍ਰਕੋਪ) ਤੋਂ ਬਚ ਜਾਓਗੇ ਜੋ ਸੱਚਿਆਂ ਦੀ ਵਿਰੋਧਤਾ ਦੇ ਸਬਬ ਰੱਬ ਵੱਲੋਂ ਪੈਂਦਾ ਹੈ, ਪਰ ਮੁਸਲਮਾਨਾਂ ਨੇ ਇਸ ਨੂੰ ਕਬੂਲ ਨ ਕੀਤਾ ਅਤੇ ਇਸਲਾਮ ਦੇ ਵਿਰੋਧੀਆਂ ਨਾਲ ਮੁਕਾਬਲਾ ਕਰਨ ਦੀ ਬਜਾਏ ਆਪਣੇ ਨਾਲ ਹੀ ਮੁਕਾਬਲਾ ਕਰਨਾ ਚੰਗਾ ਸਮਝਿਆ।

# ਇਕ ਯਾਤਰਾ

ਅਕਤੂਬਰ ਸਨ੍ਹ 1897 ਈ. ਵਿੱਚ ਆਪਨੂੰ ਇਕ ਗਵਾਹੀ 'ਤੇ ਮੁਲਤਾਨ ਜਾਣਾ ਪਿਆ। ਉੱਥੇ ਗਵਾਹੀ ਦੇਕੇ ਜਦ ਵਾਪਸ ਪਰਤੇ ਤਾਂ ਕੁਝ ਦਿਨ ਲਾਹੌਰ ਵੀ ਠਹਿਰੇ ਇੱਥੇ ਜਿਨ੍ਹਾਂ-ਜਿਨ੍ਹਾਂ ਗਲੀਆਂ ਵਿੱਚੋਂ ਆਪ ਲੰਘਦੇ ਉਨ੍ਹਾਂ ਵਿੱਚ ਲੋਕ ਆਪਨੂੰ ਗਾਲ੍ਹਾਂ ਦਿੰਦੇ ਅਤੇ ਅਵਾਜਾਂ ਮਾਰਕੇ ਭੈੜੇ ਸ਼ਬਦ ਆਪਦੀ ਸ਼ਾਨ ਵਿੱਚ ਬੋਲਦੇ। ਮੇਰੀ ਉਮਰ ਉਸ ਸਮੇਂ ਅੱਠ ਸਾਲ ਦੀ ਸੀ ਅਤੇ ਮੈਂ ਵੀ ਇਸ ਯਾਤਰਾ ਵਿੱਚ ਆਪਦੇ ਨਾਲ ਸੀ। ਮੈਂ ਇਸ ਵਿਰੋਧਤਾ ਦੀ ਜੋ ਲੋਕ ਆਪ ਨਾਲ ਕਰਦੇ ਸੀ ਕਾਰਣ ਤਾਂ ਨਹੀਂ ਸਮਝ ਸਕਦਾ ਸੀ। ਇਸ ਲਈ ਇਹ ਦੇਖਕੇ ਮੈਨੂੰ ਬਹੁਤ ਹੈਰਾਨੀ ਹੁੰਦੀ ਕਿ ਜਿੱਥੋਂ ਵੀ ਆਪ ਲੰਘਦੇ ਹਨ ਲੋਕ ਆਪਦੇ ਮਗਰ ਤਾੜੀਆ ਕਿਉਂ ਮਾਰਦੇ ਹਨ, ਸੀਟੀਆਂ ਵਜਾਉਂਦੇ ਹਨ। ਮੈਨੂੰ ਯਾਦ ਹੈ ਕਿ ਇਕ ਟੁੰਡਾ ਵਿਅਕਤੀ ਜਿਸਦਾ ਇਕ ਗੁਟ ਕੱਟਿਆ ਹੋਇਆ ਸੀ ਅਤੇ ਬਾਕੀ ਹੱਥ ਉਤੇ ਕਪੜਾ ਬੰਨ੍ਹਿਆ ਹੋਇਆ ਸੀ ਇਹ ਨਹੀਂ ਪਤਾ ਕਿ ਹੱਥ ਕਟਣੇ ਦਾ ਹੀ ਜ਼ਖ਼ਮ ਸੀ ਜਾਂ ਕੋਈ ਨਵਾਂ ਜ਼ਖ਼ਮ ਸੀ, ਉਹ ਵੀ ਲੋਕਾਂ ਵਿੱਚ ਸ਼ਾਮਲ ਹੋ ਕੇ ਸ਼ਾਇਦ ਮਸਜਿਦ ਵਜ਼ੀਰ ਖਾਨ ਦੀਆਂ ਪੌੜ੍ਹੀਆਂ ਉੱਪਰ ਖਲੋਕੇ ਤਾੜੀਆਂ

ਮਾਰਦਾ, ਅਤੇ ਆਪਣਾ ਕੱਟਿਆ ਹੱਥ ਦੂਜੇ ਹੱਥ ਉੱਪਰ ਮਾਰਦਾ ਸੀ ਅਤੇ ਹੋਰਨਾ ਨਾਲ ਮਿਲਕੇ ਰੌਲਾ ਪਾ ਰਿਹਾ ਸੀ ਕਿ ''ਹਾਏ !ਹਾਏ ! ਮਿਰਜ਼ਾ ਨੱਠ ਗਿਆ ।'' ਮੈਂ ਇਸ ਦ੍ਰਿਸ਼ ਨੂੰ ਦੇਖਕੇ ਬਹੁਤ ਹੈਰਾਨ ਸੀ ਵਿਸ਼ੇਸ਼ ਕਰਕੇ ਇਸ ਵਿਅਕਤੀ ਨੂੰ ਦੇਰ ਤੱਕ ਗੱਡੀ 'ਚੋਂ ਸਿਰ ਕੱਢਕੇ ਵੇਖਦਾ ਰਿਹਾ । ਲਾਹੌਰ ਤੋਂ ਸਿੱਧੇ ਕਾਦੀਆਂ ਪਰਤ ਆਏ ।

# ਪੰਜਾਬ ਵਿੱਚ ਤਾਊਨ (ਪਲੇਗ) ਅਤੇ ਹਜ਼ੂਰ ਅਲੈਹਿਸ ਸਲਾਮ ਦੀਆ ਪੂਰਵ ਸਾਵਧਾਨੀਆਂ

ਉਸੇ ਸਾਲ ਪੰਜਾਬ ਵਿੱਚ ਪਲੇਗ ਫੁੱਟਿਆ ਅਤੇ ਜਦ ਕਿ ਸਾਰੇ ਹੀ ਧਾਰਮਕ ਵਿਅਕਤੀ ਉਹਨਾ ਜਤਨਾ ਦੇ ਕਠੋਰ ਮੁਖ਼ਾਲਫ਼ ਸਨ ਜੋ ਸਰਕਾਰ ਨੇ ਪਲੇਗ ਨੂੰ ਰੋਕਣ ਲਈ ਲਾਗੂ ਕੀਤੇ ਸਨ । ਆਪਨੇ ਵੱਡੇ ਜ਼ੋਰ ਨਾਲ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਆਪਣੀ ਜਮਾਤ ਨੂੰ ਸੂਚਿਤ ਕੀਤਾ ਕਿ ਇਨ੍ਹਾਂ ਜਤਨਾਂ ਨੂੰ ਅਪਨਾਉਣ ਵਿੱਚ ਕੋਈ ਹਰਜ ਨਹੀਂ ਸਗੋਂ ਇਸਲਾਮ ਦਾ ਹੁਕਮ ਹੈ ਕਿ ਹਰ ਪ੍ਰਕਾਰ ਦੇ ਜਤਨ ਜੋ ਸੁੱਰਖਿਆ ਲਈ ਹੋਣ ਉਨ੍ਹਾਂ 'ਤੇ ਅਮਲ ਕੀਤਾ ਜਾਏ, ਅਤੇ ਇਸ ਪ੍ਰਕਾਰ ਆਪਨੇ ਲੋਕਾ ਵਿੱਚ ਸ਼ਾਂਤੀ ਸਥਾਪਨਾ ਲਈ ਬਹੁਤ ਵਿਸ਼ੇਸ਼ ਕੰਮ ਕੀਤਾ ਕਿਉਂਕਿ ਉਸ ਸਮੇਂ ਲੋਕਾਂ ਵਿੱਚ ਆਮ ਤੌਰ 'ਤੇ ਇਹ ਗਲ੍ਹ ਫੈਲਾਈ ਜਾਂਦੀ ਸੀਕਿ ਸਰਕਾਰ ਆਪ ਹੀ ਪਲੇਗ ਫ਼ੈਲਾਉਦੀ ਹੈ ਅਤੇ ਜੋ ਜਤਨ ਉਸਦੇ ਰੋਕਥਾਮ ਲਈ ਕੀਤੇ ਜਾਂਦੇ ਹਨ ਉਹ ਅਸਲ ਵਿੱਚ ਇਸ ਵਬਾ (ਬਿਮਾਰੀ) ਨੂੰ ਫੈਲਾਉਣ ਵਾਲੇ ਹਨ, ਅਤੇ ਇਸਲਾਮ ਦੇ ਵੀ ਵਿਰੁਧ ਹਨ । ਇਸ ਪ੍ਰਕਾਰ ਮੌਲਵੀਆਂ ਨੇ ਵੀ ਵੱਡੇ ਜ਼ੋਰ ਨਾਲ ਫ਼ਤਵਾ ਦੇ ਦਿੱਤਾ ਸੀ ਕਿ ਤਾਊਨ (ਪਲੇਗ) ਦੇ ਦਿਨਾਂ ਵਿੱਚ ਘਰੋਂ ਨਿਕਲਣਾ ਘੋਰ ਪਾਪ ਹੈ, ਅਤੇ ਇਸ ਪ੍ਰਕਾਰ ਹਜ਼ਾਰਾਂ ਹੀ ਮੂਰਖਾਂ ਦੀ ਮੌਤ ਦਾ ਕਾਰਣ ਬਣੇ । ਚੂਹੇ ਮਾਰਨ ਦੀਆਂ ਗੋਲੀਆਂ ਵੰਡੀਆ ਗਈਆਂ ਤਾਂ ਉਨ੍ਹਾਂ ਨੂੰ ਹੀ ਪਲੇਗ ਦਾ ਕਾਰਣ ਦੱਸਿਆ ਗਿਆ । ਪਿੰਜਰੇ ਵੰਡੇ ਗਏ ਤਾਂ ਉਨ੍ਹਾਂ ਦਾ ਵੀ ਵਿਰੋਧ ਕੀਤਾ ਗਿਆ, ਭਾਵ ਇਸ ਪ੍ਰਕਾਰ ਦਾ ਰੌਲ੍ਹਾ ਪਿਆ ਹੋਇਆ ਸੀ ਅਤੇ ਕੁਝ ਥਾਵਾਂ ਉੱਪਰ ਸਰਕਾਰੀ ਅਧਿਕਾਰੀਆਂ ਉੱਪਰ ਹਮਲੇ ਵੀ ਹੋਏ । ਅਜੇਹੇ ਸਮੇਂ ਆਪਦੀ ਘੋਸ਼ਣਾ ਅਤੇ ਆਪਦੇ ਕਾਰਜ ਨੂੰ ਦੇਖਕੇ ਦੂਜੇ ਲੋਕਾਂ ਨੂੰ ਵੀ ਹਿਦਾਇਤ ਹੋਈ ਅਤੇ ਆਪਨੇ ਮੁਸਲਮਾਨਾ ਨੂੰ ਸੂਚਿਤ ਕੀਤਾ ਕਿ ਪਲੇਗ ਦੇ ਦਿਨਾਂ ਵਿੱਚ ਘਰੋਂ ਨਿਕਲਣਾ ਅਤੇ ਬਸਤੀ 'ਚੋਂ ਬਾਹਰ ਰਹਿਣਾ ਇਸਲਾਮ ਅਨੁਸਾਰ ਮਨਾ ਨਹੀਂ ਸਗੋਂ ਮਨਾ ਕੇਵਲ ਇਹ ਗਲ ਹੈ ਕਿ ਇਕ ਸ਼ਹਿਰ ਤੋਂ ਭੱਜਕੇ ਦੂਜੇ ਸ਼ਹਿਰ ਵਿੱਚ ਜਾਵੇ ਕਿਉਕਿ ਇਸ ਬਿਮਾਰੀ ਦਾ ਦੂਜੇ ਸ਼ਹਿਰਾਂ ਵਿੱਚ ਫ਼ੈਲਣ ਦਾ ਡਰ ਹੁੰਦਾ ਹੈ ।

# ਸਡੇਸ਼ਨ ਦੇ ਕਾਨੂਨ 'ਤੇ ਸਰਕਾਰ ਨੂੰ ਮੈਮੋਰੀਅਲ ਅਤੇ ਸੁਝਾਅ

ਇਹ ਦਿਨ ਧਾਰਮਕ ਵਾਦ-ਵਿਵਾਦਾਂ ਕਰਕੇ ਬਹੁਤ ਖ਼ਤਰਨਾਕ ਹੋ ਰਹੇ ਸਨ, ਅਤੇ 1897 ਈ. ਤੇ 1898 ਈ. ਵਿਸ਼ੇਸ਼ ਤੌਰ ਤੇ ਪ੍ਰਮੁੱਖ ਸਨ। ਆਪਸੀ ਵਿਰੋਧਤਾ ਵੱਧ ਰਹੀ ਸੀ ਅਤੇ ਸਿਆਸੀ ਫ਼ਸਾਦ ਭੜਕਾਉ ਇਸ ਧਾਰਮਕ ਦੁਸ਼ਮਨੀ ਦਾ ਲਾਭ ਉਠਾ ਕੇ ਸਰਕਾਰ ਵਿਰੁਧ ਲੋਕਾਂ ਨੂੰ ਉਕਸਾਉਣ ਵਿੱਚ ਲੱਗੇ ਹੋਏ ਸਨ। ਇਸੇ ਸ਼ਰਾਰਤ ਨੂੰ ਅਨੁਭਵ ਕਰਕੇ ਸਰਕਾਰ ਨੇ 1897 ਈ. ਵਿੱਚ ਸਡੇਸ਼ਨ ਦਾ ਕਾਨੂਨ ਵੀ ਪਾਸ ਕੀਤਾ ਸੀ ਪਰ ਇਸ ਕਾਨੂੰਨ ਦੇ ਹੁੰਦਿਆਂ ਹੋਇਆ ਵੀ ਭਾਰਤ ਸ਼ਾਂਤੀ ਤੋਂ ਅਸ਼ਾਂਤੀ ਵੱਲ ਜਾ ਰਿਹਾ ਸੀ ਅਤੇ ਇਸ ਕਾਨੂਨ ਦਾ ਕੋਈ ਚੰਗਾ ਸਿੱਟਾ ਨ ਨਿਕਲਿਆ ਸੀ। ਕਿਉਂਕਿ ਭਾਰਤ ਇਕ ਧਾਰਮਕ ਦੇਸ਼ ਹੈ ਅਤੇ ਏਥੋਂ ਦੇ ਲੋਕ ਜਿਨ੍ਹੇ ਧਰਮ ਦੇ ਮਾਮਲੇ ਵਿੱਚ ਜੋਸ਼ ਵਿੱਚ ਆ ਸਕਦੇ ਹਨ ਉਨ੍ਹੇ ਰਾਜਨੀਤਿਕ ਕਾਰਜਾਂ ਵਿੱਚ ਨਹੀਂ ਆ ਸਕਦੇ। ਪਰ ਇਸ ਕਾਨੂਨ ਵਿੱਚ ਧਾਰਮਕ ਲੜਾਈ ਝਗੜਿਆ ਦਾ ਨਿਵਾਰਣ ਨਹੀਂ ਕੀਤਾ ਗਿਆ ਸੀ ਅਤੇ ਨਾ ਉਸ ਸਮੇਂ ਸਰਕਾਰ ਇਸ ਦੀ ਲੋੜ ਸਮਝਦੀ ਸੀ। ਪਰ ਜਿਸ ਗਲ ਨੂੰ ਸਰਕਾਰੀ ਕੂਟਨੀਤਗ ਸਝਣ ਤੋਂ ਅਸਮਰਥ ਰਹੇ ਸਨ, ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਏਕਾਂਤ ਵਿੱਚ ਬੈਠੇ ਉਸਨੂੰ ਦੇਖ ਰਹੇ ਸਨ। ਇਸ ਪ੍ਰਕਾਰ ਸਤੰਬਰ 1897 ਈ. ਵਿੱਚ ਇਕ ਮੈਮੋਰੀਅਲ ਤਿਆਰ ਕਰਕੇ ਲਾਰਡ ਏਲਜਨ ਬਹਾਦੁਰ ਵਾਇਸਰਾਈ ਹਿੰਦ ਦੀ ਸੇਵਾ ਵਿੱਚ ਭੇਜਿਆ ਅਤੇ ਉਸ ਨੂੰ ਛਪਵਾ ਕੇ ਪ੍ਰਕਾਸ਼ਤ ਵੀ ਕਰ ਦਿੱਤਾ ਉਸ ਵਿੱਚ ਆਪਨੇ ਹਿਜ਼ ਐਕਸੀ ਲੈਂਸੀ ਨੂੰ ਦੱਸਿਆ ਕਿ ਦੰਗੇ-ਫ਼ਸਾਦਾਂ ਦਾ ਅਸਲ ਕਾਰਣ ਧਾਰਮਕ ਝਗੜੇ ਹਨ ਜਿਨ੍ਹਾਂ ਦੇ ਸਿੱਟੇ ਵੱਜੋਂ ਜਿਹੜਾ ਸ਼ੋਰ ਲੋਕਾਂ ਦੇ ਦਿਲਾਂ ਵਿੱਚ ਪੈਦਾ ਹੁੰਦਾ ਹੈ ਉਸਨੂੰ ਕੁਝ ਸ਼ਰਾਰਤੀ ਲੋਕ ਸਰਕਾਰ ਦੇ ਵਿਰੁਧ ਵਰਤਦੇ ਹਨ। ਇਸ ਲਈ ਸਡੇਸਨ ਦੇ ਕਾਨੂਨ ਵਿੱਚ ਧਾਰਮਕ ਅਪਵਾਦ ਨੂੰ ਵੀ ਪਾਉਣਾ ਚਾਹੀਦਾ ਹੈ ਅਤੇ ਇਸ ਦੇ ਲਈ ਆਪਨੇ ਤਿੰਨ ਸੁਝਾਅ ਪੇਸ਼ ਕੀਤੇ।

1. ਪਹਿਲਾ ਇਹ ਕਿ ਕਾਨੂਨ ਪਾਸ ਕਰ ਦੇਣਾ ਚਾਹੀਦਾ ਹੈ ਕਿ ਹਰ ਇਕ ਧਰਮ ਦੇ ਪੈਰੋਕਾਰ ਆਪਣੇ ਧਰਮ ਦੀਆਂ ਖ਼ੂਬੀਆ ਤਾਂ ਬੇਸ਼ਕ ਵਰਨਣ ਕਰ ਸਕਦਾ

ਹੈ ਪਰ ਦੂਜੇ ਧਰਮਾ ਉੱਪਰ ਹਮਲਾ ਕਰਨ ਦੀ ਉਨ੍ਹਾਂ ਨੂੰ ਆਗਿਆ ਨਹੀਂ ਹੋਵੇਗੀ। ਇਸ ਕਾਨੂੰਨ ਨਾਲ ਨਾ ਤਾ ਧਾਰਮਕ ਅਜ਼ਾਦੀ ਵਿੱਚ ਫ਼ਰਕ ਪਏਗਾ ਅਤੇ ਨ ਕਿਸੇ ਵਿਸ਼ੇਸ਼ ਧਰਮ ਦੀ ਪੱਖਪੂਰਤੀ ਹੋਵੇਗੀ ਅਤੇ ਕੋਈ ਕਾਰਣ ਨਹੀਂ ਕਿ ਕਿਸੇ ਧਰਮ ਦੇ ਪੈਰੋਕਾਰ ਇਸ ਗਲ ਤੇ ਖ਼ੁਸ ਨ ਹੋਣ ਕਿ ਉਨਾ ਨੂੰ ਦੂਜੇ ਧਰਮਾ ਉੱਪਰ ਹਮਲਾ ਕਰਨ ਦੀ ਆਗਿਆ ਕਿਉ ਨਹੀਂ ਦਿੱਤੀ ਜਾਂਦੀ।

2. ਜੇਕਰ ਇਹ ਢੰਗ ਮਨਜ਼ੂਰ ਨ ਹੋਵੇ ਤਾਂ ਘੱਟੋ-ਘੱਟ ਇਹ ਕੀਤਾ ਜਾਵੇ ਕਿ ਕਿਸੇ ਧਰਮ ਉਤੇ ਅਜੇਹੇ ਹਮਲੇ ਕਰਨ ਤੋਂ ਲੋਕਾਂ ਨੂੰ ਰੋਕ ਦਿੱਤਾ ਜਾਵੇ ਜੋ ਆਪ ਉਹਨਾਂ ਦੇ ਆਪਣੇ ਧਰਮ ਉੱਤੇ ਪੈਂਦੇ ਹੋਣ। ਭਾਵ ਆਪਣੇ ਵਿਰੋਧੀ ਦੇ ਖ਼ਿਲਾਫ਼ ਉਹ ਅਜੇਹੀਆਂ ਗੱਲਾਂ ਪੇਸ਼ ਨ ਕਰਨ ਜੋ ਖ਼ੁਦ ਉਹਨਾਂ ਦੇ ਹੀ ਧਰਮ ਵਿੱਚ ਮੌਜੂਦ ਹੋਣ।

3. ਜੇਕਰ ਇਹ ਵੀ ਪਸੰਦ ਨ ਹੋਵੇ ਤਾਂ ਸਰਕਾਰ ਹਰ ਇਕ ਫ਼ਿਰਕੇ ਤੋਂ ਪੁਛਕੇ ਉਸਦੀ ਪ੍ਰਮਾਣਿਤ ਧਾਰਮਕ ਕਿਤਾਬਾਂ ਦੀ ਇਕ ਸੂਚੀ ਤਿਆਰ ਕਰੇ, ਅਤੇ ਇਹ ਕਾਨੂਨ ਪਾਸ ਕਰ ਦਿੱਤਾ ਜਾਏ ਕਿ ਇਸ ਧਰਮ ਉੱਤੇ ਇਹਨਾ ਕਿਤਾਬਾਂ ਤੋਂ ਬਾਹਰ ਕੋਈ ਅਲੋਚਨਾ ਨ ਕੀਤੀ ਜਾਵੇ ਕਿਉਕਿ ਜਦ ਅਲੋਚਨਾ ਦੀ ਨੀਂਹ ਕੇਵਲ ਖ਼ਿਆਲਾਂ ਜਾਂ ਝੂਠੇ ਕਥਨਾ ਉੱਤੇ ਹੋਵੇ ਜਿਨ੍ਹਾਂ ਨੂੰ ਉਸ ਧਰਮ ਦੇ ਪੈਰੋਕਾਰ ਮੰਨਦੇ ਹੀ ਨਹੀਂ ਤਾਂ ਫ਼ਿਰ ਉਹਨਾਂ ਅਨੁਸਾਰ ਅਲੋਚਨਾ ਕਰਨ ਦਾ ਸਿੱਟਾ ਆਪਸੀ ਕੀਨੇ ਤੇ ਦੁਸ਼ਮਣੀ ਨੂੰ ਵਧਾਉਣ ਤੋਂ ਛੁਟ ਹੋਰ ਕੀ ਹੋ ਸਕਦਾ ਹੈ।

ਜੇਕਰ ਇਸ ਸੁਝਾਅ 'ਤੇ ਸਰਕਾਰ ਉਸ ਸਮੇਂ ਅਮਲ ਕਰਦੀ ਤਾਂ ਜੋ ਝਗੜੇ ਤੇ ਫ਼ਸਾਦ ਹਿੰਦੁਸਤਾਨ ਵਿੱਚ ਪਹਿਲੇ ਦਿਨਾਂ ਵਿੱਚ ਪ੍ਰਗਟ ਹੋਏ ਉਹ ਵੀ ਕਦੇ ਨ ਹੁੰਦੇ। ਪਰ ਸਰਕਾਰ ਨੇ ਇਸ ਮੌਕੇ ਤੇ ਇਸ ਲੋੜ ਨੂੰ ਅਨੁਭਵ ਨਹੀਂ ਕੀਤਾ ਅਤੇ ਇਸ ਸਲਤਨਤ ਦੇ ਪ੍ਰਬੰਧਕਾ ਦੀ ਅੱਖ, ਉਹਨਾਂ ਕਿਟਾਣੂਆ ਦੀ ਵਧਣ ਵਾਲੀ ਸ਼ਕਤੀ ਨੂੰ ਨ ਦੇਖ ਸਕੀ ਜਿਹਨਾਂ ਨੂੰ ਇਸ ਸਮੇਂ ਦੇ ਨਬੀ (ਸੁਧਾਰਕ, ਅਵਤਾਰ) ਨੇ ਉਨ੍ਹਾਂ ਦੀ ਅਰੰਭਕ ਹਾਲਤ ਵਿੱਚ ਦੇਖ ਲਿਆ ਸੀ। ਪਰ 1908 ਈ. ਵਿੱਚ ਪੂਰੇ ਦਸ ਸਾਲ ਮਗਰੋਂ ਸਰਕਾਰ ਨੂੰ ਮਜਬੂਰ ਹੋ ਕੇ ਇਹ ਕਾਨੂਨ ਪਾਸ ਕਰਨਾ ਪਿਆ ਕਿ ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਉੱਪਰ ਹਮਲਾ ਕਰਨਾ ਅਤੇ ਅਨੁਚਿਤ ਸਖ਼ਤੀ ਕਰਨੀ ਠੀਕ ਨਹੀਂ। ਜੇਕਰ ਕੋਈ ਅਜੇਹਾ ਕਰੇ ਤਾਂ ਉਸ ਪਮਫ਼ਲਟ ਜਾ ਲੇਖ ਦੇ ਛਾਪਣ ਵਾਲੇ ਪ੍ਰੈਸ ਜਾਂ ਅਖ਼ਬਾਰ ਦੀ ਜ਼ਮਾਨਤ ਲਈ ਜਾਵੇਗੀ ਜਾਂ ਉਸਨੂੰ ਜ਼ਬਤ ਕੀਤਾ ਜਾਏਗਾ। ਪਰ ਇਹ ਕਾਨੂੰਨ ਏਨ੍ਹੀਂ ਦੇਰ ਬਾਦ ਪਾਸ ਹੋਇਆ ਕਿ ਇਸ ਦਾ ਉਹ ਪ੍ਰਭਾਵ

ਹੁਣ ਨਹੀਂ ਹੋ ਸਕਦਾ ਸੀ ਜੋ ਉਸ ਸਮੇਂ ਹੋ ਸਕਦਾ ਸੀ। ਅਸਲ ਵਿੱਚ ਭਾਰਤ ਦੇ ਸਾਰੇ ਝਗੜਿਆ ਦੀ ਜੜ੍ਹ ਧਾਰਮਕ ਝਗੜਾ ਹੈ ਜੋ ਕੁਝ ਉਪਦ੍ਰਵੀਆਂ ਦੇ ਵਲੋਂ ਪੇਚ ਦਰ ਪੇਚ (ਵਲਾਵੇਂਦਾਰ) ਸਾਜ਼ਿਸ਼ਾ ਦੇ ਨਾਲ ਸਰਕਾਰ ਦੇ ਖ਼ਿਲਾਫ਼ ਵਰਤਿਆ ਜਾਂਦਾ ਹੈ। ਅਤੇ ਜਦ ਕਿਸੇ ਧਰਮ ਦੇ ਪੈਰੋਕਾਰਾ ਦੀ ਸਭ ਤੋਂ ਵੱਧ ਪਿਆਰੀ ਚੀਜ਼ (ਉਨ੍ਹਾਂ ਦੇ ਧਰਮ) ਲਈ ਭੈੜੇ ਸ਼ਬਦਾਂ ਰਾਹੀਂ ਹਮਲਾ ਕੀਤਾ ਜਾਵੇ ਤਾਂ ਅਨਪੜ੍ਹ ਜਨਤਾ ਨੂੰ ਸਰਕਾਰ ਦੇ ਵਿਰੁਧ ਕਰਨ ਲਈ ਇਨ੍ਹਾਂ ਕਹਿ ਦੇਣਾ ਬਹੁਤ ਹੈ ਕਿ ਸਾਰਾ ਦੋਸ਼ ਸਰਕਾਰ ਦਾ ਹੈ, ਜਿਸ ਦੇ ਅਧੀਨ ਸਾਨੂੰ ਇਨ੍ਹਾਂ ਦੁਖ ਦਿੱਤਾ ਜਾਂਦਾ ਹੈ ਉਹ ਲੋਕ ਉਸ ਜ਼ਾਲਮ ਦਾ ਪਿੱਛਾ ਛਡਕੇ ਉਸ ਸਮੇਂ ਦੀ ਸਰਕਾਰ ਦੇ ਵਿਰੁਧ ਹੋ ਜਾਂਦੇ ਹਨ।

# ਇਕ ਦਿਲ ਦੁਖਾਉ ਕਿਤਾਬ

1898 ਈ. ਵਿੱਚ ਇਕ ਇਸਾਈ ਮੁਰਤਦ (ਅਪਣੇ ਧਰਮ ਨੂੰ ਛੱਡਣ ਵਾਲਾ) ਨੇ ਹਜ਼ਰਤ ਨਬੀ ਕਰੀਮ ਸੱਲੱਲਾਹੋ ਅਲੈਹਿ ਵਸੱਲੱਮ ਦੀ ਪਵਿੱਤਰ ਪਤਨੀਆਂ ਦੇ ਖਿਲਾਫ਼ ਦਿਲ ਨੂੰ ਦੁਖਾਉਣ ਵਾਲੀ ਕਿਤਾਬ[1] ਪ੍ਰਕਾਸ਼ਤ ਕੀਤੀ, ਜਿਸ ਨਾਲ ਮੁਸਲਮਾਨਾ ਵਿੱਚ ਇਕ ਜੋਸ਼ ਪੈਦਾ ਹੋ ਗਿਆ। ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਦੇਖਿਆ ਕਿ ਦੇਸ਼ ਦੇ ਅਮਨ ਉੱਪਰ ਪ੍ਰਭਾਵ ਪਏਗਾ। ਲਾਹੌਰ ਦੀ ਇਕ ਅੰਜੁਮਨ[2] ਨੇ ਸਰਕਾਰ ਦੇ ਸੱਮੁਖ ਇਸ ਕਿਤਾਬ ਦੀ ਜ਼ਬਤੀ ਲਈ ਮੈਮੋਰੀਅਲ ਭੇਜਣ ਦੀ ਤਿਆਰੀ ਕੀਤੀ, ਪਰ ਆਪਨੇ ਮਨਾਂ ਕਰ ਦਿੱਤਾ ਕਿ ਇਸਦਾ ਸਿੱਟਾ ਲਾਹੇਵੰਦ ਨਹੀਂ ਹੋਵੇਗਾ ਅਤੇ ਸੁਝਾਅ ਦਿੱਤਾ ਕਿ ਇਕ ਠੋਸ ਉੱਤਰ ਲਿਖਿਆ ਜਾਏ, ਪਰ ਅੰਜੁਮਨ ਵਾਲਿਆ ਨੇ ਇਸ ਸੁਝਾਅ ਦੀ ਕਦਰ ਨਹੀਂ ਕੀਤੀ, ਜਿਸ 'ਤੇ ਅੰਤ ਉਹਨਾਂ ਨੂੰ ਅਸਫ਼ਲ ਹੋਣਾ ਪਿਆ ਜਿਵੇਂ ਆਪਨੇ ਉਹਨਾਂ ਨੂੰ ਪਹਿਲਾਂ ਹੀ ਦਸ ਦਿੱਤਾ ਸੀ। ਆਪ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਇਸ ਮੈਮੋਰੀਅਲ ਦਾ ਐਲਾਨੀਆ ਵਿਰੋਧ ਕੀਤਾ ਕਿਉਂਕਿ ਉਸੂਲੀ ਤੌਰ 'ਤੇ ਇਸ ਮੈਮੋਰੀਅਲ ਦਾ ਅੰਤ ਮੰਜ਼ੂਰੀ ਦੀ ਸੂਰਤ ਵਿੱਚ ਇਹ ਹੋਣਾ ਸੀ ਕਿ ਇਸਲਾਮ ਦੀ ਕਮਜ਼ੋਰੀ ਪ੍ਰਮਾਣਤ ਹੁੰਦੀ। ਇਸ ਲਈ ਆਪਨੇ ਉੱਤਰ ਦੇਣ ਦੀ ਵਿਧੀ ਨੂੰ ਪਹਿਲ ਦਿੱਤੀ ਅਤੇ ਸਰਕਾਰ

---

*[1]ਇਹ ਦਿਲ ਦੁਖਾਉ ਕਿਤਾਬ ''ਉਮਾਹਾ-ਤੁਲ-ਮੋਮਿਨੀਨ'' (ਮੋਮਿਨਾ ਦੀ ਮਾਤਾਵਾਂ) ਇਕ ਇਸਾਈ ਡਾਕਟਰ ਐਹਮਦ ਸ਼ਾਹ ਮੁਰਤਦ ਨੇ ਪ੍ਰਕਾਸ਼ਤ ਕੀਤੀ ਸੀ।*

*[2]ਲਾਹੌਰ ਦੀ ਅੰਜੁਮਨ ਤੋਂ ਭਾਵ ''ਅੰਜੁਮਨ ਹਮਾਇਤੇ ਇਸਲਾਮ ਲਾਹੌਰ'' ਹੈ।*

ਨੇ ਆਪਦੇ ਮੈਮੋਰੀਅਲ[1] ਨੂੰ ਕਦਰ ਦੀ ਨਿਗਾਹ ਨਾਲ ਵੇਖਿਆ। ਇਸ ਪ੍ਰਕਾਰ ਆਪ ਨੇ ਮੁਸਲਮਾਨਾ ਦੇ ਉਚਿਤ ਅਧਿਕਾਰ ਦੀ ਸੁਰੱਖਿਆ ਕੀਤੀ ਜੋ ਇਨ੍ਹਾਂ ਨੂੰ ਇਸਲਾਮ ਦੇ ਪ੍ਰਚਾਰ ਅਤੇ ਆਪਣੇ ਧਰਮ ਦੇ ਖਿਲਾਫ਼ ਲਿਖਣ ਵਾਲਿਆਂ ਨੂੰ ਉੱਤਰ ਦੇਣ ਦਾ ਸੀ।

# ਜਮਾਤ ਨੂੰ ਕ੍ਰਮਬਧ ਕਰਨਾ ਵਿਰੋਧੀਆਂ ਦੀ ਅਸਫ਼ਲਤਾ

ਇਸੇ ਸਾਲ ਆਪਨੇ ਆਪਣੀ ਜਮਾਤ ਦੇ ਬੰਧਨਾ ਨੂੰ ਮਜਬੂਤ ਕਰਨ ਅਤੇ ਸਿਲਸਿਲੇ (ਜਮਾਤ) ਦੀ ਚੰਗਿਆਈਆਂ ਨੂੰ ਕਾਇਮ ਰੱਖਣ ਲਈ ਜਮਾਤ ਵਿੱਚ ਪਤੀ-ਪਤਨੀ ਦੇ ਸੰਬੰਧਾ ਅਤੇ ਚੰਗੇ ਸਮਾਜ ਦੀ ਤਹਰੀਕ ਕੀਤੀ ਅਤੇ ਜਮਾਤ ਨੂੰ ਹਿਦਾਇਤ ਕੀਤੀ ਕਿ ਅਹਿਮਦੀ ਆਪਣੀਆਂ ਲੜਕੀਆਂ ਗ਼ੈਰ-ਅਹਿਮਦੀ ਲੋਕਾਂ ਵਿੱਚ ਨ ਦਿਆ ਕਰਨ।

ਇਸੇ ਵਰ੍ਹੇ ਸਰਕਾਰ ਨੂੰ ਵੀ ਰੱਬੀ ਨਿਸ਼ਾਨ ਦਿਖਾਉਣ ਦਾ ਨਿਓਤਾ ਦਿੱਤਾ। ਅਸਲ ਵਿੱਚ ਇਸੇ ਰਾਹੀਂ ਆਪ ਨੂੰ ਸਰਕਾਰੀ ਕਾਰਜ ਕਰਤਾਵਾਂ ਤੱਕ ਆਪਣੇ ਪ੍ਰਚਾਰ ਦੇ ਕਾਰਜ ਦਾ ਪੂਰਨ ਰੂਪ ਵਿੱਚ ਪਹੁੰਚਾ ਦੇਣਾ ਉਦੇਸ਼ ਸੀ, ਜੋ ਪੂਰਨ ਢੰਗ ਨਾਲ ਸੰਪੂਰਨ ਹੋਇਆ।

1898 ਈ. ਵਿੱਚ ਆਪਨੇ ਆਪਣੀ ਜਮਾਤ ਦੇ ਬੱਚਿਆਂ ਲਈ ਇਕ ਹਾਈ ਸਕੂਲ ਦੀ ਨੀਂਹ ਰੱਖੀ, ਜਿਸ ਵਿੱਚ ਆਪਣੀ ਜਮਾਤ ਦੇ ਵਿਦਿਆਰਥੀ ਚਾਰੇ ਪਾਸਿਆਂ ਤੋਂ ਆਣਕੇ ਪੜ੍ਹਨ ਜਿਸਦਾ ਉਦੇਸ਼ ਇਹ ਸੀ ਕਿ ਦੂਜੇ ਸਕੂਲਾ ਦੇ ਪ੍ਰਭਾਵ ਤੋਂ ਸੁਰੱਖਿਅਤ ਰਹਿਣ। ਪਹਿਲੇ ਵਰ੍ਹੇ ਇਹ ਸਕੂਲ ਕੇਵਲ ਪ੍ਰਾਇਮਰੀ ਤੱਕ ਸੀ। ਪਰ ਹਰ ਵਰ੍ਹੇ ਤਰੱਕੀ ਕਰਦਾ ਗਿਆ ਅਤੇ 1903 ਈ. ਵਿੱਚ ਮੈਟ੍ਰੀਕੁਲੇਸ਼ਨ ਦੀ ਪ੍ਰੀਖਿਆ

---

*[1]ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ 4 ਮਈ 1898 ਈ. ਨੂੰ ਲੈਫ਼ਟੀਨੈਂਟ ਗਵਰਨਰ ਪੰਜਾਬ ਕੋਲ ਇਹ ਮੈਮੋਰੀਅਲ ਭੇਜਿਆ ਸੀ ਕਿ ਜਦ ਹਜ਼ਾਰ ਕਾਪੀ ਇਸ ਕਿਤਾਬ ਦੀ ਮੁਸਲਮਾਨਾਂ ਵਿੱਚ ਮੁਫ਼ਤ ਵੰਡ ਕੇ ਉਹਨਾਂ ਦਾ ਦਿਲ ਦੁਖਾਇਆ ਗਿਆ ਹੈ ਤਾਂ ਇਸ ਦਾ ਜ਼ਬਤ ਕਰਨਾ ਵਿਅਰਥ ਹੈ। ਪਾਦਰੀਆਂ ਨੇ ਅਜੇਹੀਆਂ ਹਜ਼ਾਰਾਂ ਕਿਤਾਬਾਂ ਲਿਖਕੇ ਮੁਸਲਮਾਨਾ ਦਾ ਦਿਲ ਦੁਖਾਇਆ ਹੈ। ਇਸ ਵਾਦ ਵਿਵਾਦ ਦੇ ਢੰਗ ਵਿੱਚ ਸੁਧਾਰ ਹੋਣਾ ਚਾਹੀਦਾ ਹੈ ਅਤੇ ਇਸ ਪ੍ਰਕਾਰ ਦੀ ਦਿਲ ਦੁਖਾਉਣ ਵਾਲੀ ਅਤੇ ਅਪਵਿੱਤਰ ਗੱਲਾਂ ਦੇ ਪ੍ਰਯੋਗ ਤੇ ਹੁਕਮ ਰਾਹੀਂ (by order) ਰੋਕ ਦੇਣਾ ਚਾਹੀਦਾ ਹੈ।*

ਵਿੱਚ ਇਸ ਦੇ ਲੜਕਿਆਂ ਨੇ ਭਾਗ ਲਿਆ।

1899 ਈ. ਵਿੱਚ ਆਪ ਉਪਰ ਇਕ ਮੁਕਦਮਾ ਸ਼ਾਂਤੀ ਰੱਖਿਆ ਸੰਬੰਧੀ ਆਪਦੇ ਦੁਸ਼ਮਣਾਂ ਨੇ ਕੀਤਾ। ਪਰ ਇਸ ਵਿੱਚ ਵੀ ਆਪ ਦੇ ਦੁਸ਼ਮਨ ਅਪਮਾਨਿਤ ਅਤੇ ਅਸਫ਼ਲ ਹੋਏ ਅਤੇ ਆਪਨੂੰ ਸਫ਼ਲਤਾ ਪ੍ਰਾਪਤ ਹੋਈ।

1900 ਈ. ਵਿੱਚ ਆਪਨੇ ਈਸਾਈ ਧਰਮ ਉੱਤੇ ਇਕ ਵਾਦ-ਵਿਵਾਦ ਕੀਤਾ ਅਰਥਾਤ ਆਪਨੇ ਲਾਹੌਰ ਦੇ ਬਿਸ਼ਪ ਸਾਹਬ ਨੂੰ ਰੱਬੀ ਫ਼ੈਸਲੇ ਦਾ ਸੱਦਾ ਦਿੱਤਾ। ਦੇਸ਼ ਦੀਆਂ ਪ੍ਰਸਿਧ ਅਖਬਾਰਾਂ ਨੇ ਇਸ ਅੰਦੋਲਨ ਬਾਰੇ ਲਿਖਿਆ ਪਰ ਬਿਸ਼ਪ ਸਾਹਬ ਇਸ ਮੁਕਾਬਲੇ ਵਿੱਚ ਨਾ ਆ ਸਕੇ।

## ਜਮਾਤ ਦਾ ਨਾਂ ਅਹਮਦੀ ਰਖਣਾ

ਸਨ੍ਹ 1901 ਈ. ਵਿੱਚ ਜਨਗਣਨਾ ਹੋਣ ਵਾਲੀ ਸੀ। ਇਸ ਲਈ 1900 ਈ. ਦੇ ਅੰਤ ਵਿੱਚ ਆਪਨੇ ਆਪਣੀ ਜਮਾਤ ਦੇ ਨਾਂ ਇਕ ਘੋਸ਼ਣਾ ਪ੍ਰਕਾਸ਼ਤ ਕੀਤੀ ਕਿ ਸਾਡੀ ਜਮਾਤ ਦੇ ਲੋਕ ਜਨਗਣਾਨਾ ਸਮੇਂ ਆਪਣੇ ਆਪ ਨੂੰ ਅਹਮਦੀ ਮੁਸਲਮਾਨ ਲਿਖਾਉਣ। ਇਸੇ ਵਰ੍ਹੇ ਆਪਨੇ ਆਪਣੀ ਜਮਾਤ ਨੂੰ ਅਹਮਦੀ[1] ਦਾ ਨਾਂ ਦੇ ਕੇ ਦੂਸਰੇ ਮੁਸਲਮਾਨਾ ਤੋਂ ਵਿਸ਼ੇਸ਼ ਕਰ ਦਿੱਤਾ।

## ਕੰਧ ਢਾਹੁਣ ਬਾਰੇ ਮੁਕਦਮਾ

ਇਸੇ ਸਾਲ ਆਪ ਦੇ ਮੁਖਾਲਫ਼ ਸਾਕ-ਸੰਬੰਧੀਆਂ ਨੇ ਆਪਨੂੰ ਅਤੇ ਆਪਦੀ ਜਮਾਤ ਨੂੰ ਦੁਖ ਪਹੁੰਚਾਉਣ ਲਈ ਮਸਜਿਦ ਦੇ ਬੂਹੇ ਅੱਗੇ ਕੰਧ ਬਣਾ ਦਿੱਤੀ ਜਿਸਦੇ ਸਬਬ ਨਮਾਜ਼ੀਆਂ ਨੂੰ ਬਹੁਤ ਦੂਰੋਂ ਫੇਰਾ ਮਾਰਕੇ ਆਉਣਾ ਪੈਂਦਾ ਸੀ ਅਤੇ ਇਸ ਪ੍ਰਕਾਰ ਬਹੁਤ ਕਸ਼ਟ ਤੇ ਹਰਜ ਹੁੰਦਾ ਸੀ। ਜੱਦ ਉਹਨਾ ਨੇ ਕਿਸੇ ਪ੍ਰਕਾਰ ਨ ਮੰਨਿਆ ਤਾ ਮਜਬੂਰ ਹੋ ਕੇ ਜੁਲਾਈ 1901 ਈ. ਵਿੱਚ ਅਦਾਲਤ ਵਿੱਚ ਦਾਵਾ ਕਰਨਾ ਪਿਆ ਅਤੇ ਉਸੇ ਸਾਲ ਅਗਸਤ ਵਿੱਚ ਉਸ ਮੁਕੱਦਮੇ ਦਾ ਫੈਸਲਾ ਆਪਦੇ ਪੱਖ ਵਿੱਚ ਹੋਇਆ ਅਤੇ ਕੰਧ ਢਾਈ ਗਈ ਅਤੇ ਮੁਕਦਮੇ ਦਾ ਖਰਚਾ ਵੀ ਆਪਦੇ ਮੁਖਾਲਫ਼ਾ 'ਤੇ ਪਿਆ ਪਰ ਆਪਨੇ ਉਹਨਾਂ ਨੂੰ ਮੁਆਫ਼ ਕਰ ਦਿੱਤਾ।

---

*[1] ਇਹ ਨਾਂ ਹਜ਼ਰਤ ਮੁਹੰਮਦ ਮੁਸਤਫ਼ਾ ਸ.ਅ.ਸ ਦੇ ਨਾਂ 'ਤੇ ਹੈ ਕਿਉਂਕਿ ਹਜ਼ਰਤ ਮੁਹੰਮਦ ਸ.ਅ.ਸ ਦਾ ਇਕ ਨਾਂ ਅਹਮਦ ਵੀ ਹੈ ਜੋ ਕੁਰਆਨ ਵਿੱਚ ਆਇਆ ਹੈ। (ਅਨੁਵਾਦਕ)*

# ਰੀਵੀਯੂ ਆਫ਼ ਰਿਲੀਜਂਜ਼ ਦਾ ਅਰੰਭ

1902 ਈ. ਵਿਚ ਆਪਨੇ ਯੁਰੋਪ ਵਿੱਚ ਇਸਲਾਮ ਦੇ ਪ੍ਰਚਾਰ ਲਈ ਇਕ ਮਾਸਕ ਪਤ੍ਰਿਕਾ ਪ੍ਰਕਾਸ਼ਤ ਕਰਨ ਦਾ ਹੁਕਮ ਦਿੱਤਾ ਜੋ ਰੀਵੀਯੂ ਆਫ਼ ਰਿਲੀਜਂਜ਼ ਦੇ ਨਾਂ ਨਾਲ ਹੁਣ ਤੱਕ ਰੱਬ ਦੀ ਕਿਰਪਾ ਨਾਲ ਚਲ ਰਿਹਾ ਹੈ ਇਸ ਦਾ ਇਕ ਐਡੀਸ਼ਨ ਅੰਗ੍ਰੇਜ਼ੀ ਅਤੇ ਇਕ ਉਰਦੂ ਵਿੱਚ ਨਿਕਲਦਾ ਹੈ। ਇਸ ਰੀਵੀਯੂ ਰਾਹੀਂ ਅਮਰੀਕਾ ਅਤੇ ਯੂਰੋਪ ਵਿੱਚ ਬਹੁਤ ਚੰਗੇ ਢੰਗ ਨਾਲ ਇਸਲਾਮ ਦਾ ਪ੍ਰਚਾਰ ਹੋ ਰਿਹਾ ਹੈ ਅਤੇ ਇਸ ਦੇ ਠੋਸ ਲੇਖਾਂ ਦੀ ਮਿੱਤਰਾਂ ਅਤੇ ਦੁਸ਼ਮਨਾਂ ਨੇ ਪ੍ਰਸੰਸਾ ਕੀਤੀ। ਅਰੰਭ ਵਿੱਚ ਜਮਾਤ ਦੇ ਹੋਰਨਾ ਮੈਂਬਰਾਂ ਤੋਂ ਛੁਟ ਆਪ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਵੀ ਇਸ ਰਸਾਲੇ ਵਿੱਚ ਲੇਖ ਦਿਆ ਕਰਦੇ ਸਨ ਜੋ ਉਰਦੂ ਵਿੱਚ ਲਿਖੇ ਜਾਂਦੇ ਸਨ ਫ਼ਿਰ ਉਹਨਾਂ ਦਾ ਅਨੁਵਾਦ ਅੰਗ੍ਰਜ਼ੀ ਪਤ੍ਰਿਕਾ ਵਿੱਚ, ਪ੍ਰਕਾਸ਼ਤ ਹੁੰਦਾ ਸੀ। ਇਹਨਾ ਲੇਖਾਂ ਦਾ ਪੜ੍ਹਨ ਵਾਲਿਆ ਉੱਪਰ ਬਹੁਤ ਡੂੰਘਾ ਪ੍ਰਭਾਵ ਪੈਂਦਾ ਸੀ ਅਤੇ ਇਹੋ ਲੇਖ ਸਨ ਜਿਨ੍ਹਾਂ ਨੇ ਰੀਵੀਯੂ ਦੀ ਮਹਾਨਤਾ ਪਹਿਲੇ ਵਰ੍ਹੇ ਹੀ ਸਥਾਪਤ ਕਰ ਦਿੱਤੀ ਸੀ।

# ਖ਼ੁਤਬਾ-ਏ-ਇਲਹਾਮੀਯਾ

ਇਸੇ ਸਾਲ ਈਦੁਜ਼ੁੱਹਾ ਦੇ ਮੌਕੇ 'ਤੇ ਜੋ ਹੱਜ ਦੇ ਦੂਜੇ ਦਿਨ ਹੁੰਦੀ ਹੈ ਇਲਾਹੀ-ਇਲਹਾਮ (ਰੱਬ ਦੇ ਹੁਕਮ ਨਾਲ ਦਿਲ ਵਿੱਚ ਉਤਰਨ ਵਾਲੀ ਬਾਣੀ) ਅਨੁਸਾਰ ਇਕ ਭਾਸ਼ਣ ਆਪਨੇ ਬਿਨਾ ਕਿਸੇ ਤਿਆਰੀ ਦੇ (ਜ਼ਬਾਨੀ) ਅਰਬੀ ਭਾਸ਼ਾ ਵਿੱਚ ਦਿੱਤਾ। ਉਸ ਸਮੇਂ ਇਕ ਅਜੀਬ ਹਾਲਤ ਆਪ ਉੱਪਰ ਛਾਈ ਹੋਈ ਸੀ ਅਤੇ ਆਪ ਦਾ ਚਿਹਰਾ ਲਾਲ ਹੋ ਰਿਹਾ ਸੀ ਅਤੇ ਚਿਹਰੇ 'ਚੋਂ ਨੂਰ ਵਹਿ ਰਿਹਾ ਸੀ ਅਤੇ ਬਹੁਤ ਹੀ ਰੁਅਬਦਾਰ ਅਵਸਥਾ ਸੀ ਅਤੇ ਅਜੇਹਾ ਮਾਲੂਮ ਹੁੰਦਾ ਸੀ ਜਿਵੇਂ ਅਰਧ-ਨਿੰਦਰਾ ਦੀ ਅਵਸਥਾ ਵਿੱਚ ਹਨ ਇਹ ਭਾਸ਼ਣ ਅਜੇਹਾ ਸੂਖ਼ਮ ਅਤੇ ਇਸਦੀ ਭਾਸ਼ਾ ਅਜੇਹੀ ਉਦਾਹਰਣ ਰਹਿਤ ਹੈ ਕਿ ਵੱਡੇ-ਵੱਡੇ ਅਰਬੀ ਵਿਦਵਾਨ ਇਸ ਦੀ ਉਦਾਹਰਣ ਲਿਆਉਣ ਤੋਂ ਅਸਮਰਥ ਹਨ। ਅਤੇ ਇਸ ਵਿੱਚ ਅਜੇਹੀਆ ਸੱਚਾਈਆ ਵਰਨਣ ਹਨ ਕਿ ਮਨੁੱਖੀ-ਅਕਲ ਦੰਗ ਰਹਿ ਜਾਂਦੀ ਹੈ। ਇਹ ਭਾਸ਼ਣ ਖੁਤਬਾ ਇਲਹਾਮੀਆ ਦੇ ਨਾਂ ਨਾਲ ਛਪ ਕੇ ਪ੍ਰਕਾਸ਼ਤ ਹੋ ਚੁਕਿਆ ਹੈ ਅਤੇ ਸਾਰੇ ਦਾ ਸਾਰਾ ਅਰਬੀ ਭਾਸ਼ਾ ਵਿੱਚ ਹੈ।

# ਅਰਬੀ ਭਾਸ਼ਾ ਦੇ ਰਿਵਾਜ (ਪ੍ਰਚਾਰ) ਲਈ ਪਾਠਾਂ ਦੀ ਲੜੀ

ਇਸੇ ਸਮੇਂ ਆਪਨੇ ਆਪਣੀ ਜਮਾਤ ਨੂੰ ਅਰਬੀ ਸਿਖਾਉਣ ਲਈ ਇਕ ਬਹੁਤ ਸੂਖਮ ਯੋਜਨਾ ਦੱਸੀ ਜੋ ਇਹ ਸੀ ਕਿ ਬਹੁਤ ਸਾਫ਼ ਤੇ ਸੌਖੀ ਭਾਸ਼ਾ ਵਿੱਚ ਕੁਝ ਵਾਕ ਬਣਾਏ ਜਿਨ੍ਹਾਂ ਨੂੰ ਲੋਕ ਚੇਤੇ ਕਰ ਲੈਣ ਅਤੇ ਇਸ ਪ੍ਰਕਾਰ ਉਨ੍ਹਾਂ ਨੂੰ ਹੌਲੀ-ਹੌਲੀ ਅਰਬੀ ਭਾਸ਼ਾ ਉੱਪਰ ਮਹਾਰਤ ਹਾਸਲ ਹੋ ਜਾਵੇ ਅਤੇ ਉਹਨਾਂ ਵਾਕਾਂ ਵਿੱਚ ਇਹ ਖ਼ੂਬੀ ਰੱਖੀ ਗਈ ਸੀ ਕਿ ਉਹ ਅਜੇਹੇ ਕੰਮਾ ਨਾਲ ਸੰਬੰਧਤ ਸਨ ਜਿਨ੍ਹਾਂ ਨਾਲ ਮਨੁੱਖ ਨੂੰ ਹਰ ਰੋਜ਼ ਕੰਮ ਪੈਂਦਾ ਹੈ ਅਤੇ ਜਿਨ੍ਹਾਂ ਵਿੱਚ ਅਜੇਹੀਆਂ ਚੀਜ਼ਾਂ ਦੇ ਨਾਂ ਅਤੇ ਅਜੇਹੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜੋ ਮਨੁੱਖ ਪ੍ਰਤੀ ਦਿਨ ਬੋਲਦਾ ਹੈ। ਕੁਝ ਪਾਠ ਇਸ ਸੰਬੰਧੀ ਲਿਖੇ ਗਏ ਪਰ ਮਗਰੋਂ ਕੁਝ ਬਹੁਤ ਜ਼ਰੂਰੀ ਰੁਝੇਵਿਆਂ ਕਰਕੇ ਇਹ ਕੰਮ ਰਹਿ ਗਿਆ। ਪਰ ਫ਼ਿਰ ਵੀ ਆਪ ਆਪਣੀ ਜਮਾਤ ਲਈ ਇਕ ਮਾਰਗ ਕੱਢ ਗਏ ਜਿਸ ਉੱਪਰ ਚਲਕੇ ਸਫ਼ਲਤਾ ਹੋ ਸਕਦੀ ਹੈ। ਆਪਦੀ ਇੱਛਾ ਇਹ ਸੀ ਕਿ ਹਰ ਇਕ ਦੇਸ਼ ਦੀ ਅਸਲ ਭਾਸ਼ਾ ਤੋਂ ਛੁਟ ਅਰਬੀ ਭਾਸ਼ਾ ਵੀ ਮੁਸਲਮਾਨਾਂ ਦੀ ਮਾਦਰੀ ਭਾਸ਼ਾ ਵਾਂਗ ਹੋ ਜਾਵੇ। ਅਤੇ ਇਸਤਰੀ-ਪੁਰਸ਼ ਸਾਰੇ ਇਸ ਨੂੰ ਸਿੱਖਣ ਤਾਂ ਜੋ ਭਵਿਖ ਵਿੱਚ ਆਉਣ ਵਾਲੀਆਂ ਨਸਲਾਂ ਲਈ ਇਸਦਾ ਸਿਖਣਾ ਸੌਖਾ ਹੋ ਜਾਵੇ ਅਤੇ ਬੱਚੇ ਬਚਪਨ ਵਿੱਚ ਹੀ ਆਪਣੀ ਮਾਦਰੀ ਭਾਸ਼ਾ ਤੋਂ ਛੁਟ ਅਰਬੀ ਭਾਸ਼ਾ ਸਿਖ ਲੈਣ। ਅਤੇ ਇਹ ਉੱਦੇਸ਼ ਸੀ ਜਿਸਦੇ ਪੂਰਾ ਹੋਏ ਬਿਨਾ ਇਸਲਾਮ ਆਪਣੀਆਂ ਜੜ੍ਹਾਂ ਉੱਪਰ ਪੂਰੀ ਤਰ੍ਹਾਂ ਖੜਾ ਨਹੀਂ ਹੋ ਸਕਦਾ ਕਿਉਂਕਿ ਜਿਹੜੀ ਕੌਮ ਆਪਣੀ ਧਾਰਮਕ ਭਾਸ਼ਾ ਨਹੀਂ ਜਾਣਦੀ ਉਹ ਕਦੇ ਆਪਣੇ ਧਰਮ ਨਾਲ ਪਰਿਚਿਤ ਨਹੀਂ ਹੋ ਸਕਦੀ ਅਤੇ ਜਿਹੜੀ ਕੌਮ ਆਪਣੇ ਧਰਮ ਨਾਲ ਪਰਿਚਤ ਨਹੀਂ ਉਹ ਕਦੇ ਆਪਣੇ ਧਾਰਮਕ ਦੁਸ਼ਮਨਾਂ ਦੇ ਹਮਲਿਆਂ ਤੋਂ ਸੁਰੱਖਿਅਤ ਨਹੀਂ ਰਹਿ ਸਕਦੀ ਅਤੇ ਜਿਹੜੀਆਂ ਕੌਮਾਂ ਧਰਮ ਨਾਲ ਜਾਣੂ ਹੋਣ ਲਈ ਕੇਵਲ ਅਨੁਵਾਦਾ ਉੱਪਰ ਨਿਰਭਰ ਕਰਦੀਆਂ ਹਨ ਉਹ ਨ ਧਰਮ ਨਾਲ ਜਾਣੂ ਰਹਿੰਦੀਆਂ ਹਨ ਨ ਉਹਨਾਂ ਦੀ ਕਿਤਾਬ ਸੁਰੱਖਿਅਤ ਰਹਿੰਦੀ ਹੈ ਕਿਉਂਕਿ ਅਨੁਵਾਦ ਹੌਲੀ-ਹੌਲੀ ਲੋਕਾਂ ਨੂੰ ਅਸਲ ਕਿਤਾਬ ਦੇ ਅਧਿਐਨ ਤੋਂ ਗ਼ਾਫ਼ਲ ਕਰ ਦਿੰਦਾ ਹੈ। ਕਿਉਂਕਿ ਅਨੁਵਾਦ ਅਸਲ ਕਿਤਾਬ ਦਾ ਪ੍ਰਤੀ ਨਿਧੀ ਨਹੀਂ ਹੋ ਸਕਦਾ। ਇਸ ਲਈ ਅੰਤ ਵਿੱਚ ਉਹ ਜਮਾਤ ਕਿੱਥੋਂ ਦੀ ਕਿੱਥੇ ਨਿਕਲ ਜਾਂਦੀ ਹੈ। ਆਪਦੇ ਇਸ ਉੱਦੇਸ਼ ਨੂੰ ਪੂਰਾ ਕਰਨ ਲਈ ਆਪਦੀ ਜਮਾਤ ਦਾ ਧਿਆਨ ਲੱਗਾ ਹੋਇਆ ਹੈ ਅਤੇ ਇੰਸ਼ਾਅਲੱਾਹ ਤਆਲਾ ਇਕ ਦਿਨ ਸਫ਼ਲਤਾ ਹੋ ਜਾਵੇਗੀ।

# ਮਿਨਾਰਾ-ਤੁਲ-ਮਸੀਹ ਦੀ ਨੀਂਹ

ਇਸ ਵਰ੍ਹੇ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਕੁਝ ਭਵਿਖ ਬਾਣੀਆਂ ਦੇ ਆਧਾਰ 'ਤੇ ਕਿ ਮਸੀਹ ਦਮਿਸ਼ਕ (ਸੀਰੀਆ ਦੀ ਰਾਜਧਾਨੀ) ਦੇ ਪੂਰਬ ਵੱਲ ਇਕ ਸਫ਼ੈਦ ਮਿਨਾਰੇ 'ਤੇ ਉਤਰੇਗਾ। ਇਸ ਲਈ ਆਪਨੇ ਇਕ ਮਿਨਾਰੇ ਦੀ ਨੀਂਹ ਰੱਖੀ ਤਾਂ ਜੋ ਉਹ ਭਵਿਖਬਾਣੀ ਸ਼ਾਬਦਕ ਰੂਪ ਵਿੱਚ ਵੀ ਪੂਰੀ ਹੋ ਜਾਵੇ। ਭਾਵੇਂ ਇਸ ਭਵਿਖਬਾਣੀ ਦੇ ਹਕੀਕੀ ਅਰਥ ਇਹੋ ਸਨ ਕਿ ਮਸੀਹ ਮੌਊਦ ਅਲੈਹਿਸ ਸਲਾਮ ਖੁੱਲੇ-ਖੁੱਲੇ ਤਰਕਾਂ ਤੇ ਯੁਕਤੀਆਂ ਨਾਲ ਆਵੇਗਾ ਅਤੇ ਸਾਰੀ ਦੁਨੀਆਂ ਉੱਤੇ ਉਸਦਾ ਪ੍ਰਤਾਪ (ਜਲਾਲ) ਪ੍ਰਗਟ ਹੋਵੇਗਾ, ਅਤੇ ਉਸਨੂੰ ਬਹੁਤ ਵੱਡੀ ਸਫ਼ਲਤਾ ਹੋਵੇਗੀ ਕਿਉਂਕਿ ਸੁਪਨ-ਫ਼ਲ ਵਿਗਿਆਨ ਅਨੁਸਾਰ ਮਿਨਾਰੇ ਤੋਂ ਭਾਵ ਉਹ ਤਰਕ ਹਨ ਜਿਨ੍ਹਾਂ ਦਾ ਮਨੁੱਖ ਇਨਕਾਰ ਨ ਕਰ ਸਕੇ ਅਤੇ ਉਚਾਈ 'ਤੇ ਹੋਣ ਦੇ ਅਰਥ ਅਜੇਹੀ ਸ਼ਾਨ ਪ੍ਰਾਪਤ ਕਰਨ ਦੇ ਹਨ ਕਿ ਜੋ ਕਿਸੇ ਦੀ ਨਜ਼ਰ (ਦ੍ਰਿਸ਼ਟੀ) ਤੋਂ ਉਹਲੇ ਨ ਰਹੇ ਅਤੇ ਪੂਰਬ ਵੱਲ ਆਉਣ ਤੋਂ ਭਾਵ ਅਜੇਹੀ ਤਰਕੀ ਹੁੰਦੀ ਹੈ ਜਿਸਨੂੰ ਕੋਈ ਰੋਕ ਨ ਸਕੇ।

# ਮੁਕਦਮਾ ਕਰਮਦੀਨ (ਅਜ਼ਾਲਾ ਹੈਸੀਅਤ ਉਰਫ਼ੀ)

1902 ਈ. ਦੇ ਅੰਤ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ 'ਤੇ ਇਕ ਵਿਅਕਤੀ ਕਰਮਦੀਨ ਨੇ ਅਜ਼ਾਲਾ ਹੈਸੀਅਤ ਉਰਫ਼ੀ (ਆਪਣੇ ਉਪ ਨਾਂਵ ਦੀ ਪ੍ਰਤਿਸ਼ਠਾ ਨਿਵਾਰਣ) ਦਾ ਮੁਕਦਮਾ ਕੀਤਾ ਅਤੇ ਜੇਹਲਮ ਦੇ ਅਸਥਾਨ ਉੱਪਰ ਅਦਾਲਤ ਵਿੱਚ ਹਾਜ਼ਰ ਹੋਣ ਲਈ ਆਪਦੇ ਨਾਂ ਸਮਨ ਜਾਰੀ ਹੋਇਆ। ਆਪ ਜਨਵਰੀ 1903 ਈ. ਵਿੱਚ ਉੱਥੇ ਗਏ, ਇਹ ਯਾਤਰਾ ਆਪਦੀ ਸਫ਼ਲਤਾ ਦੇ ਅਰੰਭ ਹੋਣ ਦਾ ਪਹਿਲਾ ਨਿਸ਼ਾਨ ਸੀ ਕਿ ਆਪ ਇਕ ਫ਼ੌਜਦਾਰੀ ਮੁਕਦਮੇ ਲਈ ਜਾ ਰਹੇ ਸਨ, ਪਰ ਫ਼ਿਰ ਵੀ ਲੋਕਾਂ ਦੀ ਭੀੜ ਦਾ ਇਹ ਹਾਲ ਸੀ ਕਿ ਇਸ ਦਾ ਕੋਈ ਅੰਦਾਜ਼ਾ ਨਹੀਂ ਹੋ ਸਕਦਾ। ਜਿਸ ਸਮੇਂ ਆਪ ਜੇਹਲਮ ਦੇ ਸਟੇਸ਼ਨ ਉੱਪਰ ਉਤਰੇ ਹਨ ਉਸ ਸਮੇਂ ਉੱਥੇ ਐਨੀ ਭੀੜ ਸੀ ਕਿ ਪਲੇਟ-ਫਾਰਮ ਉੱਪਰ ਖੜੇ ਹੋਣ ਦੀ ਥਾਂ ਨਹੀਂ ਸੀ ਸਗੋਂ ਸਟੇਸ਼ਨ ਤੋਂ ਬਾਹਰ ਵੀ ਸੜਕਾਂ ਉੱਪਰ ਲੋਕਾਂ ਦੀ ਐਨ੍ਹੀਂ ਭੀੜ ਸੀ ਕਿ ਗੱਡੀ ਦਾ ਲੰਘਣਾ ਮੁਸ਼ਕਲ ਹੋ ਗਿਆ ਸੀ। ਇੱਥੋਂ ਤੱਕ ਕਿ ਜ਼ਿਲਾ ਅਧਿਕਾਰੀਆਂ ਨੂੰ ਵਿਸ਼ੇਸ਼

ਪ੍ਰਬੰਧ ਕਰਨਾ ਪਿਆ ਅਤੇ ਗ਼ੁਲਾਮ ਹੈਦਰ ਸਾਹਬ ਤਹਸੀਲਦਾਰ ਇਸ ਵਿਸ਼ੇਸ਼ ਡਿਯੂਟੀ ਉੱਪਰ ਲਗਾਏ ਗਏ। ਆਪ ਹਜ਼ਰਤ ਸਾਹਬ ਦੇ ਨਾਲ ਬਹੁਤ ਮੁਸ਼ਕਲ ਨਾਲ ਰਸਤਾ ਬਣਾਉਂਦੇ ਹੋਏ ਗੱਡੀ ਨੂੰ ਲੈ ਗਏ ਕਿਉਂਕਿ ਸ਼ਹਿਰ ਤੱਕ ਲੋਕਾਂ ਦੀ ਭੀੜ ਦੇ ਸਬਬ ਰਸਤਾ ਨਹੀਂ ਮਿਲਦਾ ਸੀ। ਸ਼ਹਿਰ ਨਿਵਾਸੀਆਂ ਤੋਂ ਛੁਟ ਪਿੰਡਾ ਵਿੱਚੋ ਹਜ਼ਾਰਾਂ ਲੋਕ ਆਪਦੇ ਦਰਸ਼ਨਾਂ ਲਈ ਆਏ ਸਨ। ਲਗਭਗ ਇਕ ਹਜ਼ਾਰ ਵਿਅਕਤੀਆਂ ਨੇ ਇਕ ਸਥਾਨ ਉਪਰ ਬੈਅਤ (ਜਮਾਤ ਵਿੱਚ ਦਾਖਲ ਹੋਣ ਦਾ ਪ੍ਰਣ ਲੈਣਾ) ਕੀਤੀ। ਅਤੇ ਜਦ ਆਪ ਅਦਾਲਤ ਵਿੱਚ ਹਾਜ਼ਰ ਹੋਣ ਲਈ ਗਏ ਤਾਂ ਐਨੀ ਮਖਲੂਕ ਮੁਕਦਮੇ ਦੀ ਕਾਰਵਾਈ ਸੁਣਨ ਲਈ ਮੌਜੂਦ ਸੀ ਕਿ ਅਦਾਲਤ ਨੂੰ ਪ੍ਰਬੰਧ ਕਰਨਾ ਔਖਾ ਹੋ ਗਿਆ। ਦੂਰ ਮੈਦਾਨ ਤੱਕ ਲੋਕ ਫ਼ੈਲੇ ਹੋਏ ਸਨ। ਪਹਿਲੀ ਹੀ ਪੇਸ਼ੀ ਵਿੱਚ ਆਪਨੂੰ ਬਰੀ ਕਰ ਦਿੱਤਾ ਗਿਆ ਅਤੇ ਆਪ ਠੀਕ ਠਾਕ ਵਾਪਸ ਪਰਤ ਆਏ।

# ਜਮਾਤ ਅਹਮਦੀਆ ਦੀ ਤਰੱਕੀ ਅਤੇ ਕਰਮਦੀਨ ਵਾਲੇ ਮੁਕਦਮੇ ਦਾ ਤੂਲ ਫ਼ੜਨਾ

ਸੰਨ 1903 ਈ. ਤੋਂ ਆਪ ਦੀ ਤਰੱਕੀ ਅਸ਼ਚਰਜ ਢੰਗ ਨਾਲ ਅਰੰਭ ਹੋਈ ਅਤੇ ਕਈ ਵਾਰ ਇਕ ਦਿਨ ਵਿੱਚ ਪੰਜ-ਪੰਜ ਸੌ ਮਨੁੱਖ ਬੈਅਤ ਦੀਆਂ ਚਿੱਠੀਆਂ ਲਿਖਦੇ ਸਨ ਅਤੇ ਆਪਦੇ ਪੈਰੋਕਾਰ ਆਪਣੀ ਸੰਖਿਆ ਵਿੱਚ ਹਜ਼ਾਰਾਂ ਲੱਖਾਂ ਤੱਕ ਪਹੁੰਚ ਗਏ ਸਨ। ਹਰ ਪ੍ਰਕਾਰ ਦੇ ਲੋਕਾਂ ਨੇ ਆਪਦੇ ਹੱਥ ਉੱਪਰ ਬੈਅਤ ਕੀਤੀ ਅਤੇ ਇਹ ਸਿਲਸਿਲਾ (ਜਮਾਤ) ਵੱਡੀ ਤੇਜ਼ੀ ਨਾਲ ਫੈਲਣਾ ਸ਼ੁਰੂ ਹੋ ਗਿਆ ਅਤੇ ਪੰਜਾਬ ਵਿੱਚੋਂ ਨਿਕਲਕੇ ਹੋਰਨਾ ਸੂਬਿਆਂ ਅਤੇ ਫ਼ਿਰ ਵਿਦੇਸ਼ਾਂ ਵਿੱਚ ਵੀ ਫੈਲਣਾ ਸ਼ੁਰੂ ਹੋ ਗਿਆ।

ਇਸੇ ਸਾਲ ਜਮਾਤ ਅਹਿਮਦੀਆ ਲਈ ਇਕ ਦੁਖਦਾਈ ਦੁਰਘਟਨਾ ਵਾਪਰੀ ਕਿ ਕਾਬਲ ਵਿੱਚ ਇਸ ਜਮਾਤ ਦੇ ਇਕ ਨੇਕ ਬੁਜ਼ੁਰਗ ਮੈਂਬਰ ਨੂੰ ਕੇਵਲ ਧਾਰਮਕ ਮੁਖਾਲਫ਼ਤ ਕਰਕੇ ਸੰਗਸਾਰ (ਪੱਥਰ ਮਾਰ-ਮਾਰ ਕੇ ਮਾਰਨਾ) ਕਰ ਦਿੱਤਾ ਗਿਆ।

ਮੁਕਦਮਿਆ ਦੀ ਕੜੀ ਜੋ ਜੇਹਲਮ ਤੋਂ ਅਰੰਭ ਹੋ ਕੇ ਭਾਵੇ ਖ਼ਤਮ ਹੋ ਗਈ ਸੀ, ਪਰ ਫ਼ਿਰ ਵੱਡੇ ਜ਼ੋਰ ਨਾਲ ਸ਼ੁਰੂ ਹੋ ਗਈ ਅਰਥਾਤ ਕਰਮਦੀਨ ਜਿਸ ਨੇ ਪਹਿਲਾਂ ਉੱਥੇ ਆਪਦੇ ਖ਼ਿਲਾਫ਼ ਮੁਕਦਮਾ ਕੀਤਾ ਸੀ, ਉਸੇ ਨੇ ਫ਼ਿਰ ਗੁਰਦਾਸਪੁਰ ਵਿੱਚ ਆਪ ਉੱਪਰ ਅਜ਼ਾਲਾ ਹੈਸੀਅਤ ਉਰਫ਼ੀ (ਉਪਨਾਮ ਪ੍ਰਤਿਸ਼ਠਾ ਨਿਵਾਰਣ) ਦਾ ਦਾਵਾ ਕਰ

ਦਿੱਤਾ। ਇਹ ਮੁਕਦਮਾ ਐਨਾ ਲਮਕਿਆ ਕਿ ਜਿਸਨੂੰ ਦੇਖਕੇ ਹੈਰਾਨੀ ਹੁੰਦੀ ਹੈ। ਇਸ ਮੁਕਦਮੇ ਦੀ ਕਾਰਵਾਈ ਵਿਚਾਲੇ ਇਕ ਮੈਜਿਸਟ੍ਰੇਟ ਵੀ ਬਦਲ ਗਿਆ ਅਤੇ ਇਸ ਦੀਆਂ ਪੇਸ਼ੀਆਂ ਬਹੁਤ ਥੋੜੇ ਵਕਫ਼ੇ ਨਾਲ ਰੱਖੀਆਂ ਗਈਆਂ ਕਿ ਅੰਤ ਮਜਬੂਰ ਹੋ ਕੇ ਆਪਨੂੰ ਗੁਰਦਾਸਪੁਰ ਵਿੱਚ ਹੀ ਰਹਿਣਾ ਪਿਆ।

ਇਸ ਮੁਕਦਮੇ ਨੂੰ ਬਹੁਤ ਲੰਮਿਆ ਕਰ ਦਿੱਤਾ ਗਿਆ ਸੀ। ਕੇਵਲ ਤਿੰਨ-ਚਾਰ ਸ਼ਬਦਾਂ ਉਪਰ ਗਲ-ਬਾਤ ਕਰਨੀ ਸੀ। ਕਰਮਦੀਨ ਨੇ ਆਪਦੇ ਖਿਲਾਫ਼ ਸਾਫ਼ ਝੂਠ ਬੋਲਿਆ ਸੀ। ਆਪਨੇ ਉਸਦੇ ਲਈ ਆਪਣੀ ਕਿਤਾਬ ਵਿਚ 'ਕੱਜ਼ਾਬ' ਸ਼ਬਦ ਲਿਖਿਆ ਸੀ, ਜਿਸਦੇ ਅਰਥ ਅਰਬੀ ਭਾਸ਼ਾ ਵਿੱਚ ਝੂਠਾ ਵੀ ਹਨ ਅਤੇ ਬਹੁਤ ਝੂਠਾ ਵੀ। ਇਸੇ ਪ੍ਰਕਾਰ ਇਕ ਸ਼ਬਦ 'ਲਈਮ' ਵੀ ਹੈ ਜਿਸਦੇ ਅਰਥ 'ਕਮੀਨਾਂ' ਹਨ। ਪਰ ਕਦੇ ਵਲਦੁੱਜ਼ਿਨਾ (ਹਰਾਮੀ) ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ। ਅਤੇ ਉਸਦਾ ਜ਼ੋਰ ਇਸ ਗਲ ਉੱਪਰ ਸੀ ਕਿ ਮੈਨੂ ਬਹੁਤ ਝੂਠਾ ਅਤੇ ਵਲੱਦੁਜ਼ਿਨਾ ਕਿਹਾ ਗਿਆ ਹੈ। ਜਦ ਕਿ ਸਾਬਤ ਹੈ ਤਾਂ ਇਹ, ਕਿ ਮੈਂ ਇਕ ਝੂਠ ਬੋਲਿਆ ਹੈ। ਇਸ ਉੱਪਰ ਅਦਾਲਤ ਵਿੱਚ ਇਹਨਾਂ ਸ਼ਬਦਾਂ ਦੀ ਜਾਂਚ ਪੜਤਾਲ ਸ਼ੁਰੂ ਹੋਈ ਅਤੇ ਕੁਝ ਇਸ ਪ੍ਰਕਾਰ ਦੇ ਬਰੀਕ ਪ੍ਰਸ਼ਨ ਪੈਦਾ ਹੋ ਗਏ ਜਿਨ੍ਹਾਂ ਉੱਪਰ ਅਜੇਹੀ ਲੰਮੀ ਬਹਿਸ ਛਿੜੀ ਕਿ ਦੋ ਵਰ੍ਹੇ ਇਹਨਾ ਮੁਕਦਮਿਆਂ ਵਿੱਚ ਲਗ ਗਏ। ਮੁਕਦਮੇ ਵਿਚਾਲੇ ਇਕ ਮੈਜਿਸਟ੍ਰੇਟ ਬਾਰੇ ਪ੍ਰਸਿਧ ਹੋਇਆ ਕਿ ਉਸਦੇ ਸਹਿਧਰਮੀਆਂ ਨੇ ਕਿਹਾ ਹੈ ਕਿ ਮਿਰਜ਼ਾ ਸਾਹਬ ਇਸ ਸਮੇਂ ਬਹੁਤ ਫਸੇ ਹੋਏ ਹਨ। ਇਹਨਾਂ ਨੂੰ ਸਜ਼ਾ ਜ਼ਰੂਰ ਦਿਓ ਭਾਵੇਂ ਇਕ ਦਿਨ ਦੀ ਕੈਦ ਕਿਉ ਨ ਹੋਵੇ। ਜਿਨ੍ਹਾਂ ਮਿਤੱਰਾਂ ਨੇ ਇਹ ਗੱਲ ਸੁਣੀ ਉਹ ਬਹੁਤ ਘਬਰਾਏ ਹੋਏ ਆਪਦੇ ਪਾਸ ਆਏ ਅਤੇ ਬਹੁਤ ਡਰਕੇ ਬੋਲੇ ਕਿ ਹਜ਼ਰਤ ਅਸੀਂ ਅਜੇਹਾ ਸੁਣਿਆ ਹੈ। ਆਪ ਉਸ ਸਮੇਂ ਲੇਟੇ ਹੋਏ ਸਨ। ਇਹ ਗਲ ਸੁਣਦੇ ਹੀ ਆਪਦਾ ਚਿਹਰਾ ਲਾਲ ਹੋ ਗਿਆ ਅਤੇ ਆਪ ਇਕ ਹੱਥ ਦੇ ਸਹਾਰੇ ਥੋੜਾ ਉਠ ਬੈਠੇ ਅਤੇ ਉਠ ਕੇ ਬਹੁਤ ਜ਼ੋਰ ਨਾਲ ਫ਼ਰਮਾਇਆ ਕਿ ਕੀ ਉਹ ਰੱਬ ਦੇ ਸ਼ੇਰ ਉਪੱਰ ਹੱਥ ਪਾਉਣਾ ਚਾਹੁੰਦਾ ਹੈ ? ਜੇਕਰ ਉਸਨੇ ਇੰਝ ਕੀਤਾ ਤਾਂ ਉਹ ਦੇਖ ਲਏਗਾ ਕਿ ਉਸ ਦਾ ਕੀ ਸਿੱਟਾ ਹੈ ? ਪਤਾ ਨਹੀ ਇਹ ਖ਼ਬਰ ਸੱਚੀ ਹੈ ਜਾਂ ਝੂਠੀ ਪਰ ਉਸ ਮੈਜਿਸਟ੍ਰੇਟ ਨੂੰ ਉਨ੍ਹਾਂ ਦਿਨਾਂ ਵਿੱਚ ਉੱਥੋਂ ਬਦਲ ਦਿੱਤਾ ਗਿਆ ਅਤੇ ਕਈ ਜਤਨਾ ਦੇ ਬਾਵਜੂਦ ਉਸਦੇ ਫ਼ੌਜਦਾਰੀ ਅਧਿਕਾਰ ਵਾਪਸ ਲੈ ਲਏ ਗਏ ਅਤੇ ਕੁਝ ਸਮਾਂ ਮਗਰੋਂ ਉਸਦਾ ਅਹੁਦਾ ਵੀ ਘਟਾ ਦਿੱਤਾ ਗਿਆ। ਉਸਦੇ ਮਗਰੋਂ ਮੁਕਦਮਾ ਇਕ ਹੋਰ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਇਆ ਉਸਨੇ ਵੀ ਅਕਾਰਣ ਇਸ ਨੂੰ ਬਹੁਤ ਲਮਕਾਇਆ ਅਤੇ ਜਦ ਕਿ ਡਿਸਟ੍ਰਿਕਟ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਆਪਨੂੰ ਕੁਰਸੀ ਮਿਲਦੀ ਸੀ ਪਰ ਇਸ

ਮੈਜਿਸਟ੍ਰੇਟ ਨੇ ਆਪਦੇ ਬਹੁਤ ਬਿਮਾਰ ਹੁੰਦਿਆ ਵੀ ਆਪਨੂੰ ਕੁਰਸੀ ਨਹੀਂ ਦਿੱਤੀ ਅਤੇ ਕਈ ਵਾਰ ਪਿਆਸ (ਤ੍ਰੇਹ) ਦੀ ਹਾਲਤ ਵਿੱਚ ਪਾਣੀ ਪੀਣ ਤੱਕ ਦੀ ਆਗਿਆ ਨਹੀਂ ਦਿੱਤੀ। ਆਖਰ ਲੰਮੇ ਮੁਕਦਮੇ ਮਗਰੋਂ ਆਪ ਨੂੰ ਦੋ ਸੌ ਰੁਪਏ ਜੁਰਮਾਨਾ ਕੀਤਾ। ਇਸ 'ਤੇ ਸੈਸ਼ਨ ਜੱਜ ਅੰਮ੍ਰਿਤਸਰ ਮਿਸਟਰ ਹੈਰੀ ਸਾਹਬ ਦੀ ਅਦਾਲਤ ਵਿੱਚ ਜੋ ਇਕ ਯੂਰੋਪੀਅਨ ਸਨ ਇਸ ਫ਼ੈਸਲੇ ਦੀ ਦੇਖ ਭਾਲ ਕੀਤੀ ਗਈ ਅਤੇ ਜਦ ਉਹਨਾਂ ਨੇ ਮੁਕਦਮੇ ਦੀ ਮਿਸਲ ਦੇਖੀ ਤਾਂ ਬਹੁਤ ਦੁਖ ਪ੍ਰਗਟ ਕੀਤਾ ਕਿ ਅਜੇਹੇ ਝੂਠੇ ਮੁਕਦਮੇ ਨੂੰ ਮੈਜਿਸਟ੍ਰੇਟ ਨੇ ਇਨ੍ਹਾਂ ਲੰਮਿਆ ਕਿਉਂ ਕੀਤਾ ਅਤੇ ਕਿਹਾ ਕਿ ਜੇ ਕਰ ਇਹ ਮੁਕਦਮਾ ਮੇਰੇ ਪਾਸ ਆਉਂਦਾ ਤਾਂ ਮੈਂ ਇਕ ਦਿਨ ਵਿੱਚ ਇਸ ਨੂੰ ਖਾਰਜ ਕਰ ਦਿੰਦਾ ਕਰਮਦੀਨ ਵਰਗੇ ਮਨੁੱਖ ਨੂੰ ਜੋ ਸ਼ਬਦ ਮਿਰਜ਼ਾ ਸਾਹਬ ਨੇ ਵਰਤੇ ਹਨ ਉਸਤੋਂ ਵੀ ਵਧਕੇ ਕਹੇ ਜਾਂਦੇ ਤਾਂ ਬਿਲਕੁਲ ਠੀਕ ਸੀ।ਜੋ ਕੁਝ ਹੋਇਆ ਬਹੁਤ ਅਨੁਚਿਤ ਹੋਇਆ। ਅਤੇ ਉਹਨਾਂ ਨੇ ਦੋ ਘੰਟਿਆ ਦੇ ਅੰਤਰ ਹੀ ਆਪਨੂੰ ਬਰੀ ਕਰ ਦਿੱਤਾ ਅਤੇ ਜੁਰਮਾਨਾ ਮੁਆਫ਼ ਕਰ ਦਿੱਤਾ। ਇਸ ਪ੍ਰਕਾਰ ਦੂਜੀ ਵਾਰ ਇਕ ਯੂਰੋਪੀਅਨ ਸ਼ਾਸਕ ਨੇ ਆਪਣੇ ਕਾਰਜਾਂ ਤੋਂ ਸਿੱਧ ਕਰ ਦਿੱਤਾ ਕਿ ਅਲੱਾਹ-ਤਆਲਾ ਸ਼ਾਸਨ ਉਹਨਾਂ ਲੋਕਾਂ ਦੇ ਹੱਥ ਵਿੱਚ ਦਿੰਦਾ ਹੈ ਜਿਨ੍ਹਾਂ ਨੂੰ ਉਹ ਉਸਦੇ ਯੋਗ ਸਮਝਦਾ ਹੈ।

ਇਸ ਮੁਕਦਮੇ ਦਾ ਫ਼ੈਸਲਾ ਜਨਵਰੀ 1905 ਈ. ਵਿੱਚ ਹੋਇਆ ਅਤੇ ਇਸ ਫ਼ੈਸਲੇ ਦੇ ਨਾਲ ਖ਼ੁਦਾ-ਤਆਲਾ ਨੇ ਜੋ ਵਹੀ (ਇਲਹਾਮ-ਅਰਥਾਤ ਉਹ ਹੁਕਮ ਜੋ ਰੱਬ ਵੱਲੋਂ ਪ੍ਰਾਪਤ ਹੁੰਦਾ ਹੈ) ਆਪ ਉਪਰ ਕਈ ਵਰ੍ਹੇ ਪਹਿਲਾਂ ਮੁਕਦਮੇ ਦੇ ਸਿੱਟੇ ਵੱਜੋਂ ਕੀਤੀ ਸੀ ਉਹ ਪੂਰੀ ਹੋ ਗਈ।

ਇਸ ਮੁਕਦਮੇ ਦੀ ਕਾਰਵਾਈ ਨੂੰ ਇਕ ਥਾਂ ਵਰਨਣ ਕਰਨ ਲਈ ਮੈਂ ਆਪਦੀਆਂ ਦੋ ਜ਼ਰੂਰੀ ਯਾਤਰਾਵਾਂ ਛੱਡ ਗਿਆ ਹਾਂ ਜਿਨ੍ਹਾਂ ਵਿੱਚੋਂ ਆਪਦੀ ਪਹਿਲੀ ਯਾਤਰਾ ਤਾਂ ਲਾਹੌਰ ਵੱਲ ਸੀ ਜੋ ਮੁਕਦਮੇ ਵਿਚਾਲੇ ਅਗਸਤ 1904 ਈ. ਵਿੱਚ ਕੀਤੀ। ਇਸ ਵਾਰ ਆਪ ਲਾਹੌਰ ਵਿੱਚ ਪੰਦਰਾਂ ਦਿਨ ਰਹੇ। ਇਸ ਯਾਤਰਾ ਵਿੱਚ ਵੀ ਚਾਰੇ ਪਾਸਿਆਂ ਤੋਂ ਲੋਕ ਆਪਦੇ ਦਰਸ਼ਨਾ ਲਈ ਸਮੂਹ ਦਰ ਸਮੂਹ ਪੁੱਜੇ ਅਤੇ ਸਟੇਸ਼ਨ ਉੱਪਰ ਪੈਰ੍ਹ ਰੱਖਣ ਨੂੰ ਥਾਂ ਨਹੀਂ ਸੀ ਅਤੇ ਸਾਰਾ ਸਮੇਂ ਇਕ ਰੌਲ੍ਹਾ ਪਿਆ ਰਿਹਾ। ਆਪਦੇ ਨਿਵਾਸ ਸਥਾਨ ਹੇਠਾਂ ਸਵੇਰ ਤੋਂ ਸ਼ਾਮ ਤੱਕ ਬਰਾਬਰ ਭੀੜ ਲੱਗੀ ਰਹਿੰਦੀ। ਵਿਰੋਧੀ ਆਣਕੇ ਗਾਲ੍ਹਾਂ ਕਢਦੇ ਅਤੇ ਰੌਲ੍ਹਾ ਪਾਉਂਦੇ ਇਥੋਂ ਤੱਕ ਕਿ ਕੁਝ ਵਿਰੋਧੀਆਂ ਨੇ ਜ਼ਨਾਨਾ ਮਕਾਨ ਵਿੱਚ ਵੀ ਵੜਨ ਦਾ ਜਤਨ ਕੀਤਾ ਜਿਨ੍ਹਾਂ ਨੂੰ ਜ਼ਬਰਦਸਤੀ ਬਾਹਰ ਕੱਢਿਆ ਗਿਆ। ਲਾਹੌਰ ਦੇ ਸਜਣਾ-ਮਿਤਰਾਂ ਦੀ ਬੇਨਤੀ ਉੱਪਰ ਆਪਦਾ ਇਕ ਭਾਸ਼ਣ ਨਿਸ਼ਚਤ ਹੋਇਆ ਜੋ ਛਾਪਿਆ ਗਿਆ ਅਤੇ ਇਕ ਵੱਡੇ

ਹਾਲ ਵਿੱਚ ਉਹ ਭਾਸ਼ਣ ਮੌਲਵੀ ਅਬਦੁਲ ਕਰੀਮ ਸਾਹਬ ਮਰਹੂਮ ਰ.ਅ. ਨੇ ਪੜ੍ਹਕੇ ਸੁਣਾਇਆ ਆਪ ਵੀ ਪਾਸ ਹੀ ਬੈਠੇ ਹੋਏ ਸਨ। ਲਗਭਗ ਸੱਤ-ਅੱਠ ਹਜ਼ਾਰ ਆਦਮੀ ਸੀ। ਇਸ ਭਾਸ਼ਣ ਦੇ ਖ਼ਤਮ ਹੋਣ ਉਪਰੰਤ ਲੋਕਾਂ ਨੇ ਬੇਨਤੀ ਕੀਤੀ ਕਿ ਆਪ ਕੁਝ ਜ਼ਬਾਨੀ ਵੀ ਬਿਆਨ ਫ਼ਰਮਾਉਣ। ਇਸ ਤੇ ਆਪ ਉਸੇ ਸਮੇਂ ਖੜੇ ਹੋ ਗਏ ਅਤੇ ਅੱਧੇ ਘੰਟੇ ਤੱਕ ਸੰਖੇਪ ਜਿਹਾ ਭਾਸ਼ਣ ਦਿੱਤਾ। ਕਿਉਂਕਿ ਇਹ ਇਕ ਅਨੁਭਵ ਵਾਲੀ ਗਲ ਸੀ ਕਿ ਆਪ ਜਿੱਥੇ ਜਾਂਦੇ ਹਰ ਧਰਮ ਤੇ ਕੌਮ ਦੇ ਲੋਕ ਆਪਦੇ ਖ਼ਿਲਾਫ਼ ਜ਼ੋਸ਼ ਦਿਖਾਉਂਦੇ ਵਿਸ਼ੇਸ਼ ਕਰਕੇ ਮੁਸਲਮਾਨ ਅਖਵਾਉਣ ਵਾਲੇ। ਇਸ ਲਈ ਪੁਲਿਸ ਅਧਿਕਾਰੀਆ ਨੇ ਇਸ ਵਾਰ ਬਹੁਤ ਚੰਗਾ ਪ੍ਰਬੰਧ ਕੀਤਾ ਹੋਇਆ ਸੀ ਦੇਸੀ ਪੁਲਿਸ ਤੋਂ ਛੁਟ ਯੂਰੋਪੀਅਨ ਸਿਪਾਹੀ ਵੀ ਪ੍ਰਬੰਧ ਵਿੱਚ ਲਗਾਏ ਗਏ ਸਨ ਜੋ ਤਲਵਾਰ ਹੱਥਾਂ ਵਿੱਚ ਲਈ ਥੋੜੀ-ਥੋੜੀ ਦੂਰੀ ਉਪੱਰ ਖੜੇ ਸਨ। ਕਿਉਂਕਿ ਪੁਲਿਸ ਅਧਿਕਾਰੀਆਂ ਨੂੰ ਪਤਾ ਲਗ ਗਿਆ ਸੀ। ਕਿ ਕੁਝ ਮੂਰਖ ਜਲਸਾ-ਗਾਹ ਤੋਂ ਬਾਹਰ ਫ਼ਸਾਦ ਲਈ ਤਿਆਰ ਹਨ। ਇਸ ਲਈ ਉਹਨਾਂ ਨੇ ਆਪਦੀ ਵਾਪਸੀ ਲਈ ਵਿਸ਼ੇਸ਼ ਪ੍ਰਬੰਧ ਕਰ ਰੱਖਿਆ ਸੀ ਅਤੇ ਕਈ ਸਵਾਰ ਕੁਝ ਦੂਰੀ ਉੱਪਰ ਅੱਗੇ ਤੁਰੀ ਜਾਂਦੇ ਸਨ ਅਤੇ ਪਿੱਛੇ ਆਪਦੀ ਗੱਡੀ ਸੀ। ਗੱਡੀ ਤੇ ਪਿੱਛੇ ਫ਼ਿਰ ਕੁਝ ਪੁਲਿਸ ਦੇ ਜਵਾਨ ਸਨ ਅਤੇ ਉਹਨਾ ਦੇ ਪਿੱਛੇ ਫ਼ਿਰ ਪੁਲਿਸ ਸਵਾਰ ਜਿਨ੍ਹਾਂ ਦੇ ਪਿੱਛੇ ਪਿਆਦਾ (ਪੈਦਲ) ਪੁਲਿਸ ਸੀ। ਇਸ ਪ੍ਰਕਾਰ ਪੂਰੀ ਸੁਰਖਿਆ ਨਾਲ ਆਪ ਨੂੰ ਘਰ ਪਹੁੰਚਾਇਆ ਗਿਆ ਅਤੇ ਚਾਲਬਾਜ਼ਾ ਨੂੰ ਆਪਣੀ ਸ਼ਰਾਰਤਾਂ ਵਿੱਚ ਸਫ਼ਲਤਾ ਪ੍ਰਾਪਤ ਨ ਹੋ ਸਕੀ। ਉੱਥੋਂ ਆਪ ਵਾਪਸ ਗੁਰਦਾਸਪੁਰ ਪਰਤ ਆਏ।

ਅਕਤੂਬਰ 1904 ਈ.ਦੇ ਅੰਤ ਵਿੱਚ ਆਪ ਗੁਰਦਾਸਪੁਰ ਦੇ ਮੁਕਦਮੇਂ 'ਚੋਂ ਵਿਹਲ ਕੱਢਕੇ ਕਾਦੀਆਂ ਆ ਗਏ।

27 ਅਕਤੂਬਰ ਨੂੰ ਸਿਆਲਕੋਟ ਗਏ ਕਿਉਂਕਿ ਉੱਥੋਂ ਦੇ ਸੱਜਣ ਤੇ ਮਿਤੱਰਾਂ ਨੇ ਹਠ ਕਰਕੇ ਉੱਥੇ ਲੈ ਜਾਣ ਦੀ ਬੇਨਤੀ ਕੀਤੀ ਸੀ। ਅਤੇ ਅਰਜ਼ ਕੀਤਾ ਸੀ ਕਿ ਆਪ ਆਪਣੀ ਅਰੰਭਕ ਉਮਰ ਵਿੱਚ ਇੱਥੇ ਕਈ ਸਾਲ ਰਹੇ ਹਨ ਹੁਣ ਵੀ ਜਦ ਕਿ ਅੱਲਾਹ-ਤਆਲਾ ਨੇ ਆਪਨੂੰ ਵੱਡੀ ਸਫ਼ਲਤਾ ਪ੍ਰਦਾਨ ਕੀਤੀ ਹੈ ਇਕ ਵਾਰ ਇਸ 'ਤੇ ਕਦਮ (ਪੈਰ੍ਹ) ਰਖਕੇ ਇਸ ਧਰਤੀ ਨੂੰ ਬਰਕਤ ਦਿਓ। ਇਹ ਯਾਤਰਾ ਵੀ ਆਪਦੀ ਸਫ਼ਲਤਾ ਦਾ ਸਪਸ਼ਟ ਪ੍ਰਮਾਣ ਸੀ। ਕਿਉਂਕਿ ਹਰ ਇਕ ਸਟੇਸ਼ਨ ਉੱਪਰ ਆਪਜੀ ਦੇ ਦਰਸ਼ਨਾ ਲਈ ਐਨ੍ਹੀਂ ਮਖਲੂਕ ਆਈ ਸੀ ਕਿ ਸਟੇਸ਼ਨ ਦੇ ਅਧਿਕਾਰੀਆਂ ਨੂੰ ਪ੍ਰਬੰਧ ਕਰਨਾ ਕਠਨ ਹੋ ਜਾਂਦਾ ਸੀ ਅਤੇ ਲਾਹੌਰ ਦੇ ਸਟੇਨਨ ਉੱਤੇ ਤਾਂ ਐਨ੍ਹੀਂ ਭੀੜ ਇਕੱਠੀ ਹੋਈ ਕਿ ਪਲੇਟ ਫ਼ਾਰਮ ਟਿਕਟਾਂ ਹੀ ਖ਼ਤਮ ਹੋ ਗਈਆਂ ਅਤੇ ਸਟੇਸ਼ਨ ਅਤੇ ਸਟੇਸ਼ਨ ਮਾਸਟਰ ਨੂੰ ਬਿਨਾਂ ਟਿਕਟਾਂ ਹੀ ਲੋਕਾਂ ਨੂੰ

ਅੰਦਰ ਆਉਣ ਦੀ ਆਗਿਆ ਦੇਣੀ ਪਈ। ਜਦ ਆਪ ਸਿਆਲਕੋਟ ਪਹੁੰਚੇ ਤਾਂ ਸਟੇਸ਼ਨ ਤੋਂ ਨਿਵਾਸ ਸਥਾਨ ਤੱਕ ਜੋ ਮੀਲ ਭਰ ਦੀ ਦੂਰੀ ਉੱਪਰ ਸੀ ਬਰਾਬਰ ਲੋਕਾਂ ਦੀ ਭੀੜ ਸੀ। ਸ਼ਾਮ ਦੇ ਸਮੇਂ ਟ੍ਰੇਨ ਸਟੇਸ਼ਨ ਉੱਤੇ ਪਹੁੰਚੀ ਤਾਂ ਸਵਾਰੀਆਂ ਦੇ ਚੜ੍ਹਨ-ਚੜ੍ਹਾਉਣ ਵਿੱਚ ਦੇਰ ਲਗ ਗਈ ਆਪ ਦੀ ਗੱਡੀ ਅਜੇ ਥੋੜ੍ਹੀ ਦੂਰ ਹੀ ਚੱਲੀ ਸੀ ਕਿ ਹਨ੍ਹੇਰਾਂ ਹੋ ਗਿਆ। ਲੋਕਾਂ ਦੀ ਭੀੜ ਕਰਕੇ ਅਤੇ ਰਾਤ ਹੋ ਜਾਣ ਕਰਕੇ ਇਹ ਸ਼ਕ ਹੋਇਆ ਕਿ ਕਿਤੇ ਕੋਈ ਗੱਡੀ ਹੇਠ ਨ ਆ ਜਾਵੇ ਇਸ ਲਈ ਪੁਲਿਸ ਨੂੰ ਇਸ ਗਲ ਦਾ ਵਿਸ਼ੇਸ਼ ਪ੍ਰਬੰਧ ਕਰਨਾ ਪਿਆ ਕਿ ਆਪਜੀ ਦੇ ਅੱਗੇ-ਅੱਗੇ ਰਸਤਾ ਸਾਫ਼ ਰਹੇ। ਸਿਆਲਕੋਟ ਦੇ ਇਕ ਰਈਸ ਅਤੇ ਆਨਰੇਰੀ ਮੈਜਿਸਟ੍ਰੇਟ ਪੁਲਿਸ ਨਾਲ ਇਸ ਕੰਮ 'ਤੇ ਲੱਗੇ ਸਨ। ਉਹਨਾਂ ਨੂੰ ਬਹੁਤ ਮੁਸ਼ਕਲ ਤੇ ਸਖ਼ਤੀ ਨਾਲ ਰਸਤਾ ਬਣਾਉਣਾ ਪੈਂਦਾ ਸੀ ਅਤੇ ਗੱਡੀ ਬਹੁਤ ਹੋਲੀ-ਹੋਲੀ ਚਲ ਸਕਦੀ ਸੀ। ਗੱਡੀ ਦੀਆਂ ਖਿੜਕੀਆਂ ਖੋਲ ਦਿੱਤੀਆਂ ਗਈਆਂ ਸਨ। ਬਜ਼ਾਰਾਂ ਅਤੇ ਗਲੀਆਂ ਵਿੱਚ ਲੋਕਾਂ ਦੇ ਦੋਵੇਂ ਪਾਸੇ ਖੜੇ ਹੋਣ ਤੋਂ ਇਲਾਵਾ ਦੁਕਾਨਾ ਦੇ ਵਰਾਂਡੇ ਵੀ ਭਰੇ ਹੋਏ ਸਨ। ਕਈ ਤਾਂ ਸਥਾਂਨ ਨ ਮਿਲਣ ਕਰਕੇ ਖਿੜਕੀਆਂ ਦੇ ਛੱਜਿਆਂ ਉੱਪਰ ਚੜ੍ਹੇ ਬੈਠ ਸਨ। ਸਾਰੀਆਂ ਛਤਾਂ ਉਪਰ ਹਿੰਦੂਆਂ ਅਤੇ ਮੁਸਲਮਾਨਾ ਨੇ ਆਪਦਾ ਚੇਹਰਾ ਮੁਬਾਰਕ ਦੇਖਣ ਲਈ ਲੈਂਪ ਜਗਾ ਰੱਖੇ ਸਨ ਅਤੇ ਛਤਾਂ (ਕੋਠੇ) ਔਰਤਾਂ ਅਤੇ ਪੁਰਸ਼ਾ ਨਾਲ ਭਰੀਆਂ ਪਈਆਂ ਸਨ। ਜੋ ਆਪਦੀ ਗੱਡੀ ਨੇੜੇ ਆਉਣ 'ਤੇ ਮਸ਼ਾਲਾ ਅੱਗੇ ਕਰਕੇ ਆਪਦਾ ਚੇਹਰਾ ਮੁਬਾਰਕ ਦੇਖਦੇ ਸਨ ਅਤੇ ਕੁਝ ਲੋਕ ਆਪ 'ਤੇ ਫ਼ੁਲ ਸੁਟਦੇ ਸਨ।

# ਲੈਕਚਰ ਸਿਆਲਕੋਟ

ਸਿਆਲਕੋਟ ਆਪਨੇ ਪੰਜ ਦਿਨ ਨਿਵਾਸ ਕੀਤਾ ਅਤੇ ਪ੍ਰਚਾਰ ਤੋਂ ਇਲਾਵਾ ਜੋ ਆਪ ਘਰ ਆਉਣ ਵਾਲਿਆ ਨੂੰ ਕਰਦੇ ਰਹਿੰਦੇ ਆਪਦਾ ਇਕ ਪਬਲਿਕ ਲੈਕਚਰ ਵੀ ਉੱਥੇ ਹੋਇਆ। ਜਿਸ ਸਮੇਂ ਲੈਕਚਰ ਦੀ ਘੋਸ਼ਣਾਂ ਹੋਈ ਉਸੇ ਸਮੇਂ ਸਿਆਲਕੋਟ ਦੇ ਮੋਲਵੀਆਂ ਨੇ ਬਹੁਤ ਜ਼ੋਰ ਨਾਲ ਘੋਸ਼ਣਾ ਕੀਤੀ ਕਿ ਕੋਈ ਵਿਅਕਤੀ ਮਿਰਜ਼ਾ ਸਾਹਬ ਦਾ ਲੈਕਚਰ ਸੁਣਨ ਨ ਜਾਵੇ ਅਤੇ ਇਹ ਵੀ ਫ਼ਤਵਾ ਦੇ ਦਿੱਤਾ ਕਿ ਜੋ ਵਿਅਕਤੀ ਆਪਦਾ ਲੈਕਚਰ ਸੁਣਨ ਜਾਏਗਾ ਉਸ ਦਾ ਨਿਕਾਹ ਟੁਟ ਜਾਏਗਾ। (ਇਹ ਇਕ ਜ਼ਬਰਦਸਤ ਹੱਥਿਆਰ ਉਸ ਸਮੇਂ ਤੋਂ ਹਿੰਦ ਦੇ ਮੋਲਵੀਆਂ ਕੋਲ ਹੈ ਜਿਸ ਰਾਹੀਂ ਉਹ ਅਨਪੜ੍ਹ ਮੁਸਲਮਾਨਾਂ ਉਪਰ ਆਪਣਾ ਰਾਜ ਕਾਇਮ ਰਖਦੇ ਹਨ, ਅਤੇ ਜਿਸਦੇ ਲਈ ਉਹਨਾਂ ਕੋਲ ਕੋਈ ਵੀ ਸੱਚਾ-ਝੂਠਾ ਪ੍ਰਮਾਣ ਨਹੀਂ ਹੈ) ਅਤੇ ਇਸ ਘੋਸ਼ਣਾ ਨੂੰ ਹੀ ਬਹੁਤ ਖਿਆਲ ਨਹੀਂ ਕੀਤਾ ਗਿਆ ਸਗੋਂ ਜਿਸ ਮਕਾਨ (ਸਥਾਨ) ਵਿੱਚ ਆਪਦਾ

ਲੈਕਚਰ ਸੀ ਉਸਦੇ ਮੁਕਾਬਲੇ ਕੁਝ ਵਿਰੋਧੀ ਮੌਲਵੀਆਂ ਨੇ ਆਪਣੇ ਭਾਸ਼ਣਾ ਦੀ ਘੋਸ਼ਣਾ ਕਰ ਦਿੱਤੀ ਤਾਂ ਜੋ ਲੋਕ ਆਪ ਜੀ ਦੇ ਭਾਸ਼ਣ ਵਿੱਚ ਭਾਗ ਨ ਲੈ ਸਕਣ ਅਤੇ ਬਾਹਰ ਦੇ ਬਾਹਰ ਹੀ ਰੁਕ ਜਾਣ। ਇਸ ਤੋਂ ਛੁਟ ਕੁਝ ਵਿਅਕਤੀ ਲੈਕਚਰ ਸਥਾਨ ਦੇ ਦਰਵਾਜ਼ੇ ਉੱਪਰ ਵੀ ਨਿਯੁਕਤ ਕਰ ਦਿੱਤੇ ਕਿ ਅੰਦਰ ਜਾਣ ਵਾਲਿਆ ਨੂੰ ਰੋਕਣ ਅਤੇ ਦੱਸਣ ਕਿ ਆਪ ਦੇ ਲੈਕਚਰ ਵਿੱਚ ਜਾਣਾ ਪਾਪ ਹੈ। ਅਤੇ ਕਈ ਤਾਂ ਹਦੋਂ ਵੱਧ ਗਏ ਸਨ ਕਿ ਆਉਣ ਵਾਲਿਆਂ ਨੂੰ ਫੜ-ਫੜ ਕੇ ਦੂਜੇ ਪਾਸੇ ਲੈ ਜਾਂਦੇ ਸਨ, ਪਰ ਇਨ੍ਹਾਂ ਕੁਝ ਹੁੰਦਿਆ ਹੋਇਆਂ ਵੀ ਬਹੁਤ ਅਧਿਕ ਲੋਕ ਆਏ ਅਤੇ ਜਿਸ ਸਮੇਂ ਲੋਕਾਂ ਨੂੰ ਪਤਾ ਲੱਗਾ ਕਿ ਆਪ ਲੈਕਚਰ-ਗਾਹ ਵਿੱਚ ਪਹੁੰਚ ਗਏ ਹਨ ਤਾਂ ਮੁਖਾਲਫ਼ ਮੌਲਵੀਆ ਦਾ ਭਾਸ਼ਣ ਛਡਕੇ ਉਥੋਂ ਭਜ ਆਏ ਅਤੇ ਬਹੁਤ ਸ਼ੌਕ ਨਾਲ ਲੋਕਾਂ ਨੇ ਭਾਗ ਲਿਆ ਕਿ ਸਰਕਾਰੀ ਮੁਲਾਜ਼ਮ ਵੀ ਛੁੱਟੀ ਦਾ ਦਿਨ ਨ ਹੁੰਦਿਆ ਹੋਇਆਂ ਵੀ ਭਾਸ਼ਣ ਵਿੱਚ ਸ਼ਾਮਲ ਹੋਏ। ਇਹ ਲੈਕਚਰ ਵੀ ਛੱਪਿਆ ਹੋਇਆ ਹੈ ਅਤੇ ਮੌਲਵੀ ਅਬਦੁਲ ਕਰੀਮ ਸਾਹਬ ਰ.ਅ. ਨੇ ਪੜ੍ਹਕੇ ਸੁਣਾਇਆ ਸੀ। ਭਾਸ਼ਣ ਵਿਚਾਲੇ ਕੁਝ ਲੋਕਾਂ ਨੇ ਸ਼ੋਰ ਮਚਾਉਣਾ ਚਾਹਿਆ, ਪੁਲਿਸ ਅਫ਼ਸਰ ਨੇ ਜੋ ਇਕ ਯੂਰੋਪੀਅਨ ਸੀ ਬਹੁਤ ਹੁਸ਼ਿਆਰੀ ਨਾਲ ਉਹਨਾਂ ਨੂੰ ਰੋਕਿਆ ਅਤੇ ਬਹੁਤ ਮਜ਼ੇ ਦੀ ਗਲ ਕਹੀ ਕਿ ਤੁਸੀਂ ਮੁਸਲਮਾਨਾਂ ਨੂੰ ਇਹਨਾਂ ਦੇ ਭਾਸ਼ਣ 'ਤੇ ਘਬਰਾਉਣ ਦਾ ਕੀ ਕਾਰਨ ਹੈ ਤੁਹਾਡਾ ਤਾਂ ਇਹ ਪੱਖ ਪੂਰਦੇ ਹਨ ਅਤੇ ਤੁਹਾਡੇ ਰਸੂਲ ਦੀ ਵੱਡਿਆਈ ਕਾਇਮ ਕਰਦੇ ਹਨ। ਨਰਾਜ਼ ਹੋਣ ਦਾ ਹੱਕ ਤੇ ਸਾਡਾ ਸੀ ਜਿਨ੍ਹਾਂ ਦੇ ਖ਼ੁਦਾ (ਮਸੀਹ) ਦੀ ਮੌਤ ਸਿੱਧ ਕਰਨ ਉੱਤੇ ਇਹ ਇਨ੍ਹਾਂ ਜ਼ੋਰ ਦਿੰਦੇ ਹਨ। ਭਾਵ ਪੁਲਿਸ ਅਧਿਕਾਰੀਆਂ ਦੀ ਹੁਸ਼ਿਆਰੀ ਸਦਕਾ ਕੋਈ ਝਗੜਾ-ਫ਼ਸਾਦ ਨ ਹੋਇਆ। ਇਸ ਭਾਸ਼ਣ ਵਿੱਚ ਇਕ ਵਿਸ਼ੇਸ਼ਤਾ ਇਹ ਸੀ ਕਿ ਆਪਨੇ ਪਹਿਲੀ ਵਾਰ ਆਪਣੇ-ਆਪ ਨੂੰ ਹਿੰਦੂਆਂ ਸਾਹਮਣੇ ਪਬਲਿਕ ਵਿੱਚ ਕ੍ਰਿਸ਼ਨ ਦੇ ਰੂਪ ਵਿੱਚ ਪੇਸ਼ ਕੀਤਾ। ਜੱਦ ਭਾਸ਼ਣ ਖ਼ਤਮ ਹੋਕੇ ਘਰ ਨੂੰ ਵਾਪਸ ਆਉਣ ਲੱਗੇ ਤਾਂ ਫਿਰ ਕੁਝ ਲੋਕਾਂ ਨੇ ਪੱਥਰ ਮਾਰਣ ਦਾ ਇਰਾਦਾ ਕੀਤਾ ਪਰ ਪੁਲਿਸ ਨੇ ਇਸ ਫ਼ਸਾਦ ਨੂੰ ਵੀ ਰੋਕ ਲਿਆ। ਭਾਸ਼ਣ ਮਗਰੋਂ ਦੂਜੇ ਦਿਨ ਆਪ ਵਾਪਸ ਪਰਤ ਆਏ ਅਤੇ ਇਸ ਮੌਕੇ ਤੇ ਵੀ ਪੁਲਿਸ ਦੇ ਪ੍ਰਬੰਧ ਕਰਕੇ ਕੋਈ ਸ਼ਰਾਰਤ ਨਹੀਂ ਹੋ ਸਕੀ। ਜਦ ਲੋਕਾਂ ਨੇ ਦੇਖਿਆ ਕਿ ਸਾਨੂੰ ਦੁਖ ਦੇਣ ਦਾ ਕੋਈ ਮੌਕਾ ਨਹੀਂ ਮਿਲਿਆ ਤਾਂ ਕੁਝ ਲੋਕ ਸ਼ਹਿਰ ਤੋਂ ਕੁਝ ਦੂਰ ਰੇਲ ਦੀ ਸੜਕ ਕੋਲ ਖੜੇ ਹੋ ਗਏ ਅਤੇ ਚਲਦੀ ਹੋਈ ਟ੍ਰੇਨ ਉੱਪਰ ਪੱਥਰ ਮਾਰੇ ਪਰ ਇਸ ਦਾ ਸਿੱਟਾ ਸਿਵਾਏ ਕੁਝ ਸ਼ੀਸ਼ੇ ਟੁੱਟਣ ਦੇ ਹੋਰ ਕੀ ਹੋ ਸਕਦਾ ਸੀ।

# ਮੌਲਵੀ ਅਬਦੁਲ ਕਰੀਮ ਸਾਹਬ ਰਜ਼ੀ ਅਲੱਾਹ ਅਨਹੋ ਦਾ ਦੇਹਾਂਤ ਅਤੇ ਦਿੱਲੀ ਦੀ ਯਾਤਰਾ ਦੇ ਹਾਲਾਤ

11 ਅਕਤੂਬਰ ਸਨ 1905 ਈ. ਨੂੰ ਆਪ ਦੇ ਇਕ ਬਹੁਤ ਸਦਭਾਵਕ ਮੁਰੀਦ ਮੌਲਵੀ ਅਬਦੁਲ ਕਰੀਮ ਸਾਹਬ ਰਜ਼ੀ ਅੱਲਾਹ ਅਨਹੋ ਜੋ ਵੱਖ-ਵੱਖ ਮੌਕਿਆਂ ਉੱਪਰ ਆਪਦੇ ਭਾਸ਼ਣ ਸੁਣਾਇਆ ਕਰਦੇ ਸਨ ਇਕ ਲੰਮੀ ਬਿਮਾਰੀ ਮਗਰੋਂ ਅੱਲਾਹ ਨੂੰ ਪਿਆਰੇ ਹੋ ਗਏ। ਆਪ ਨੇ ਕਾਦੀਆਂ ਵਿੱਚ ਇਕ ਅਰਬੀ ਮਦਰਸਾ ਖੋਲਣ ਦਾ ਹੁਕਮ ਫ਼ਰਮਾਇਆ ਜਿਸ ਵਿੱਚ ਇਸਲਾਮ ਧਰਮ ਨਾਲ ਜਾਣੂ ਵਿਦਵਾਨ ਪੈਦਾ ਕੀਤੇ ਜਾਣ ਤਾਂ ਜੋ ਮਰਨ ਵਾਲੇ ਵਿਦਵਾਨਾ ਦੀ ਥਾਂ ਖਾਲੀ ਨ ਰਹੇ। ਮੌਲਵੀ ਅਬਦੁਲ ਕਰੀਮ ਸਾਹਬ ਰ.ਅ. ਦੀ ਮੌਤ ਤੋਂ ਕੁਝ ਦਿਨ ਪਿੱਛੋਂ ਆਪ ਦਿੱਲੀ ਚਲੇ ਗਏ ਅਤੇ ਉੱਥੇ ਲਗਭਗ ਪੰਦਰਾਂ ਦਿਨ ਰਹੇ। ਉਸ ਸਮੇਂ ਭਾਵੇਂ ਪੰਦਰਾਂ ਸਾਲ ਪਹਿਲਾਂ ਵਾਲੀ ਦਿੱਲੀ ਨਹੀਂ ਸੀ ਜਿਸਨੇ ਦੀਵਾਨਿਆ ਵਾਂਗ ਸ਼ੋਰ ਮਚਾਇਆ ਸੀ ਪਰ ਫ਼ਿਰ ਵੀ ਆਪ ਦੇ ਜਾਣ ਉਤਿ ਬਹੁਤ ਸ਼ੋਰ ਹੁੰਦਾ ਰਿਹਾ। ਇਸ ਪੰਦਰਾਂ ਦਿਨਾ ਦੇ ਸਮੇਂ ਵਿੱਚ ਆਪਨੇ ਦਿੱਲੀ ਵਿੱਚ ਕੋਈ ਪਬਲਿਕ ਭਾਸ਼ਣ ਨਹੀਂ ਦਿੱਤਾ ਪਰ ਘਰ ਵਿੱਚ ਰੋਜ਼ ਭਾਸ਼ਣ ਹੁੰਦੇ ਰਹੇ ਜਿਨ੍ਹਾਂ ਵਿੱਚ ਥਾਂ ਦੀ ਤੰਗੀ ਕਰਕੇ ਦੋ-ਢਾਈ ਸੌ ਤੋਂ ਵੱਧ ਮਨੁੱਖ ਇਕ ਸਮੇਂ ਸ਼ਾਮਲ ਹੋ ਸਕਦੇ ਸਨ। ਇਕ ਦੋ ਦਿਨ ਲੋਕਾਂ ਨੇ ਸ਼ੋਰ ਵੀ ਕੀਤਾ ਅਤੇ ਇਕ ਦਿਨ ਹਮਲਾ ਕਰਕੇ ਘਰ ਉਤਿ ਚੜ੍ਹ ਜਾਣ ਦਾ ਵੀ ਇਰਾਦਾ ਕੀਤਾ। ਪਰ ਫ਼ਿਰ ਵੀ ਪਹਿਲੀ ਯਾਤਰਾ ਦੇ ਮੁਕਾਬਲੇ ਬਹੁਤ ਫ਼ਰਕ ਸੀ।

ਇਸ ਯਾਤਰਾ ਤੋਂ ਵਾਪਸੀ ਉਤਿ ਲੁਧਿਆਣੇ ਦੀ ਜਮਾਤ ਨੇ ਦੋ ਦਿਨਾਂ ਲਈ ਆਪਨੂੰ ਲੁਧਿਆਣੇ ਠਹਿਰਾਇਆ ਅਤੇ ਆਪਦਾ ਇਕ ਪਬਲਿਕ ਭਾਸ਼ਣ ਬਹੁਤ ਚੰਗੇ ਢੰਗ ਨਾਲ ਹੋਇਆ, ਉੱਥੇ ਅਮ੍ਰਿਤਸਰ ਦੀ ਜਮਾਤ ਦਾ ਇਕ ਜੱਥਾ ਪੁਜਿਆ ਕਿ ਆਪ ਅਮ੍ਰਿਤਸਰ ਵੀ ਇਕ-ਦੋ ਦਿਨ ਜ਼ਰੂਰ ਠਹਿਰਨ, ਜਿਸ ਨੂੰ ਹਜ਼ਰਤ ਸਾਹਬ ਨੇ ਮਨਜ਼ੂਰ ਕੀਤਾ ਅਤੇ ਲੁਧਿਆਣੇ ਤੋਂ ਵਾਪਸੀ ਤੇ ਅਮ੍ਰਤਸਰ ਵਿੱਚ ਉਤਰ ਗਏ ਉੱਥੇ ਵੀ ਆਪਦਾ ਇਕ ਆਮ ਭਾਸ਼ਣ ਦਾ ਸੁਝਾਅ ਹੋਇਆ। ਅੰਮ੍ਰਿਤਸਰ ਤਹਰੀਕ ਅਹਿਮਦੀਆ ਦੇ ਵਿਰੋਧੀਆ ਨਾਲ ਭਰਿਆ ਪਿਆ ਹੈ ਅਤੇ ਮੌਲਵੀਆ ਦਾ ਉੱਥੇ ਬਹੁਤ ਜ਼ੋਰ ਹੈ ਉਹਨਾਂ ਦੇ ਉਕਸਾਉਣ ਕਰਕੇ ਜਨਤਾ ਬਹੁਤ ਸ਼ੋਰ ਕਰਦੀ ਹੈ। ਜਿਸ ਦਿਨ ਆਪਦਾ ਭਾਸ਼ਣ ਸੀ ਉਸ ਦਿਨ ਮੁਖਾਲਫ਼ਾਂ ਨੇ ਫ਼ੈਸਲਾ ਕਰ ਲਿਆ ਜਿਵੇਂ ਵੀ

ਹੋਵੇ ਭਾਸ਼ਣ ਨ ਹੋਣ ਦੇਣ । ਆਪ ਭਾਸ਼ਣ ਹਾਲ ਵਿੱਚ ਚਲੇ ਗਏ ਤਾਂ ਦੇਖਿਆ ਕਿ ਦਰਵਾਜ਼ੇ ਉੱਪਰ ਮੌਲਵੀ ਵੱਡੇ-ਵੱਡੇ ਚੋਗੇ ਪਾਏ ਲੰਮੇ-ਲੰਮੇ ਹੱਥ ਮਾਰਦਿਆਂ ਹੋਇਆ ਆਪਦੇ ਖ਼ਿਲਾਫ਼ ਬੋਲ ਰਹੇ ਸਨ । ਅਤੇ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਝੋਲੀਆਂ ਵਿੱਚ ਪੱਥਰ ਭਰੇ ਹੋਏ ਸਨ । ਆਪ ਭਾਸ਼ਣ ਗਾਹ ਵਿੱਚ ਅੰਦਰ ਚਲੇ ਗਏ ਅਤੇ ਭਾਸ਼ਣ ਅਰੰਭ ਕੀਤਾ ਪਰ ਮੌਲਵੀਆਂ ਨੂੰ ਅਲੋਚਨਾ ਦਾ ਕੋਈ ਮੌਕਾ ਨਹੀਂ ਮਿਲਿਆ, ਜਿਸ 'ਤੇ ਲੋਕਾਂ ਨੂੰ ਭੜਕਾਉਣ । ਪੰਦਰਾਂ ਮਿੰਟ ਆਪਦਾ ਭਾਸ਼ਣ ਹੋ ਚੁਕਿਆ ਸੀ ਕਿ ਇਕ ਵਿਅਕਤੀ ਨੇ ਆਪਦੇ ਅੱਗੇ ਚਾਹ ਦੀ ਪਿਆਲੀ ਪੇਸ਼ ਕੀਤੀ ਕਿਉਂਕਿ ਆਪਦੇ ਗਲੇ ਵਿੱਚ ਦਰਦ ਸੀ ਅਤੇ ਅਜੇਹੇ ਸਮੇਂ ਵਿੱਚ ਜੇਕਰ ਥੋੜੇ-ਥੋੜੇ ਵਕਫ਼ੇ ਨਾਲ ਕੋਈ ਤਰਲ ਚੀਜ਼ ਵਰਤੀ ਜਾਏ ਤਾਂ ਅਰਾਮ ਰਹਿੰਦਾ ਹੈ । ਆਪਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਰਹਿਣ ਦਿਓ ਪਰ ਉਸਨੇ ਆਪਦੇ ਕਸ਼ਟ ਦਾ ਖਿਆਲ ਕਰਕੇ ਪੇਸ਼ ਕਰ ਹੀ ਦਿੱਤੀ, ਇਸ ਤੇ ਆਪਨੇ ਵੀ ਉਸ ਵਿੱਚੋਂ ਇਕ ਘੁਟ ਪੀ ਲਿਆ । ਪਰ ਉਹ ਮਹੀਨਾ ਰੋਜ਼ਿਆ ਦਾ ਸੀ । ਮੌਲਵੀਆ ਨੇ ਸ਼ੋਰ ਮਚਾ ਦਿੱਤਾ ਕਿ ਇਹ ਵਿਅਕਤੀ ਮੁਸਲਮਾਨ ਨਹੀਂ ਕਿਉਕਿ ਰਮਜ਼ਾਨ ਸ਼ਰੀਫ਼ ਵਿੱਚ ਰੋਜ਼ੇ ਨਹੀਂ ਰਖਦਾ । ਆਪਨੇ ਉੱਤਰ ਵਿੱਚ ਕਿਹਾ ਕਿ ਕੁਰਆਨ ਮਜੀਦ ਵਿੱਚ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਬਿਮਾਰ ਜਾਂ ਮੁਸਾਫ਼ਰ (ਯਾਤਰੀ) ਰੋਜ਼ਾ ਨ ਰੱਖੇ ਸਗੋਂ ਜਦ ਅਰਾਮ ਆ ਜਾਏ ਜਾਂ ਯਾਤਰਾ ਤੋਂ ਵਾਪਸ ਆ ਜਾਵੇ ਤਦ ਰੋਜ਼ੇ ਰੱਖੇ, ਅਤੇ ਮੈਂ ਬਿਮਾਰ ਵੀ ਹਾਂ ਅਤੇ ਮੁਸ਼ਾਫ਼ਰ ਵੀ । ਪਰ ਜੋਸ਼ ਵਿੱਚ ਭਰੇ ਹੋਏ ਲੋਕ ਕਦ ਰੁਕਦੇ ਹਨ । ਸ਼ੋਰ-ਵਧਦਾ ਗਿਆ ਅਤੇ ਪੁਲਿਸ ਦੇ ਜਤਨ ਕਰਨ ਦੇ ਬਾਵਜੂਦ ਸ਼ਾਂਤ ਨ ਹੋ ਸਕਿਆ । ਆਖ਼ਰ ਆਪ ਸਮੇਂ ਦੀ ਨਜ਼ਾਕਤ ਨੂੰ ਦੇਖਕੇ ਬੈਠ ਗਏ ਅਤੇ ਇਕ ਵਿਅਕਤੀ ਨੂੰ ਕਵਿਤਾ ਪੜ੍ਹਨ ਲਈ ਖੜਾ ਕਰ ਦਿੱਤਾ ਗਿਆ । ਉਸਦੇ ਕਵਿਤਾ ਪੜ੍ਹਨ ਤੇ ਲੋਕ ਚੁਪ ਹੋ ਗਏ । ਤਦ ਫ਼ਿਰ ਆਪ ਖੜੇ ਹੋਏ ਤਾਂ ਫ਼ਿਰ ਮੌਲਵੀਆਂ ਨੇ ਸ਼ੋਰ ਮਚਾ ਦਿੱਤਾ ਅਤੇ ਜਦ ਆਪ ਨੇ ਭਾਸ਼ਣ ਜਾਰੀ ਰੱਖਿਆ ਤਾਂ ਫਸਾਦ ਲਈ ਤਿਆਰ ਹੋ ਗਏ ਅਤੇ ਸਟੇਜ ਉੱਪਰ ਹਮਲਾ ਕਰਨ ਲਈ ਅੱਗੇ ਵਧੇ । ਪੁਲਿਸ ਨੇ ਰੋਕਣ ਦਾ ਜਤਨ ਕੀਤਾ ਪਰ ਹਜ਼ਾਰਾਂ ਮਨੁੱਖਾਂ ਦੀ ਲਹਿਰ ਓਨ੍ਹਾਂ ਦੇ ਰੋਕਿਆ ਨ ਰੁਕਦੀ ਸੀ ਅਜਿਹਾ ਲਗਦਾ ਸੀ ਇਕ ਸਮੁੰਦਰ ਦੀ ਇਕ ਲਹਿਰ ਹੈ ਜੋ ਅੱਗੇ ਹੀ ਵਧਦੀ ਚਲੀ ਆਉਂਦੀ ਹੈ । ਜਦ ਪੁਲਿਸ ਕੋਲੋਂ ਉਨ੍ਹਾਂ ਦਾ ਸੰਭਾਲਣਾ ਔਖਾ ਹੋ ਗਿਆ ਤਾਂ ਆਪਨੇ ਭਾਸ਼ਣ ਛੱਡ ਦਿੱਤਾ ਪਰ ਫਿਰ ਵੀ ਲੋਕਾਂ ਦਾ ਜੋਸ਼ ਠੰਡਾ ਨ ਹੋਇਆ ਅਤੇ ਉਹਨਾ ਨੇ ਸਟੇਜ ਉੱਪਰ ਚੜ੍ਹਕੇ ਹਮਲਾ ਕਰਨ ਦਾ ਜਤਨ ਕੀਤਾ । ਇਸ 'ਤੇ ਪੁਲਿਸ ਇੰਸਪੈਕਟਰ ਨੇ ਆਪਨੂੰ ਬੇਨਤੀ ਕੀਤੀ ਕਿ ਆਪ ਅੰਦਰ ਦੇ ਕਮਰੇ ਵਿੱਚ ਚਲੇ ਜਾਣ ਅਤੇ ਝਟ ਸਿਪਾਹੀ ਦੁੜਾਏ ਕਿ

ਬੰਦ ਗੱਡੀ ਲੈ ਆਉਣ । ਪੁਲਿਸ ਲੋਕਾਂ ਨੂੰ ਇਸ ਕਮਰੇ ਵਿੱਚ ਆਉਣ ਤੋਂ ਰੋਕਦੀ ਰਹੀ ਅਤੇ ਦੂਜੇ ਦਰਵਾਜੇ ਸਾਹਮਣੇ ਗੱਡੀ ਲਿਆ ਕੇ ਖੜੀ ਕਰ ਦਿੱਤੀ ਗਈ । ਆਪ ਉਸ ਵਿੱਚ ਸਵਾਰ ਹੋਣ ਲਈ ਚਲ ਪਏ । ਜਦ ਆਪ ਗੱਡੀ ਵਿੱਚ ਬੈਠਣ ਲੱਗੇ ਤਾਂ ਲੋਕਾਂ ਨੂੰ ਪਤਾ ਲਗ ਗਿਆ ਕਿ ਆਪ ਗੱਡੀ ਵਿੱਚ ਸਵਾਰ ਹੋਕੇ ਚੱਲੇ ਹਨ । ਇਸ ਤੇ ਜੋ ਲੋਕ ਭਾਸ਼ਣ ਹਾਲ 'ਚੋਂ ਬਾਹਰ ਖੜੇ ਸਨ ਉਹ ਹਮਲਾ ਕਰਨ ਲਈ ਅੱਗੇ ਵਧੇ ਅਤੇ ਇਕ ਵਿਅਕਤੀ ਨੇ ਬਹੁਤ ਜ਼ੋਰ ਨਾਲ ਇਕ ਬਹੁਤ ਮੋਟਾ ਸੋਟਾ ਆਪਨੂੰ ਮਾਰਿਆ । ਇਕ ਮੁਰੀਦ ਆਪ ਕੋਲ ਖੜਾ ਸੀ ਉਹ ਝਟ ਆਪਨੂੰ ਬਚਾਉਣ ਲਈ ਆਪ ਅਤੇ ਆਪ ਉੱਪਰ ਹਮਲਾ ਕਰਨ ਵਾਲੇ ਵਿਚਾਲੇ ਆ ਗਿਆ । ਕਿਉਂਕਿ ਗੱਡੀ ਦਾ ਦਰਵਾਜ਼ਾ ਖੁੱਲਾ ਸੀ ਸੋਟਾ ਉਸ ਤੇ ਵਜਕੇ ਰੁਕ ਗਿਆ । ਉਸ ਮੁਰੀਦ ਦੇ ਬਹੁਤ ਘਟ ਚੋਟ ਲੱਗੀ । ਨਹੀਂ ਤਾਂ ਸੰਭਵ ਸੀ ਕਿ ਉਸ ਵਿਅਕਤੀ ਦਾ ਖ਼ੂਨ ਹੋ ਜਾਂਦਾ । ਆਪਦੇ ਗੱਡੀ ਵਿੱਚ ਬੈਠਣ ਤੇ ਗੱਡੀ ਚੱਲੀ ਪਰ ਲੋਕਾਂ ਨੇ ਪੱਥਰਾਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ । ਗੱਡੀ ਦੀਆਂ ਖਿੜਕੀਆਂ ਬੰਦ ਸਨ । ਉਨ੍ਹਾਂ ਤੇ ਪੱਥਰ ਵਜਦੇ ਸਨ ਤਾਂ ਖੁਲ ਜਾਂਦੀਆਂ ਸਨ ਅਸੀਂ ਉਸ ਨੂੰ ਫੜਕੇ ਸੰਭਾਲਦੇ ਸੀ ਪਰ ਪੱਥਰਾਂ ਦੀ ਬੁਛਾੜ ਕਰਕੇ ਹੱਥਾਂ ਤੋਂ ਛੁਟ-ਛੁਟ ਕੇ ਉਹ ਡਿੱਗ ਜਾਂਦੀਆਂ ਸਨ ਪਰ ਅਲੱਾਹ ਤਆਲਾ ਦੀ ਮਿਹਰ ਕਰਕੇ ਕਿਸੇ ਦੇ ਚੋਟ ਨਹੀਂ ਆਈ ਕੇਵਲ ਇੱਕ ਪੱਥਰ ਖਿੜਕੀ ਵਿੱਚੋਂ ਦੀ ਲੰਗਧਾ ਹੋਇਆ ਮੇਰੇ ਛੋਟੇ ਭਾਈ ਦੇ ਹੱਥ ਤੇ ਲੱਗਾ । ਕਿਉਕਿ ਪੁਲਿਸ ਗੱਡੀ ਦੇ ਚਾਰੇਪਾਸੇ ਖੜੀ ਸੀ ਬਹੁਤ ਸਾਰੇ ਪੱਥਰ ਉਨ੍ਹਾਂ ਨੂੰ ਲੱਗੇ ਜਿਸ 'ਤੇ ਪੁਲਿਸ ਨੇ ਲੋਕਾਂ ਨੂੰ ਉੱਥੋਂ ਹਟਾਇਆ ਅਤੇ ਗੱਡੀ ਦੇ ਅੱਗੇ-ਪਿੱਛੇ ਸਗੋਂ ਉਸਦੀ ਛੱਤ ਉਪਰ ਵੀ ਪੁਲਿਸ ਮੈਨ ਬੈਠ ਗਏ ਅਤੇ ਗੱਡੀ ਨੂੰ ਘਰ ਤੱਕ ਪਹੁੰਚਾਇਆ । ਲੋਕਾਂ ਵਿੱਚ ਐਨਾਂ ਜੋਸ਼ ਸੀ ਕਿ ਪੁਲਿਸ ਦੀ ਮੌਜੂਦਗੀ ਹੁੰਦਿਆਂ ਹੋਇਆ ਵੀ ਉਹ ਦੂਰ ਤੱਕ ਗੱਡੀ ਦੇ ਪਿੱਛੇ ਭੱਜੇ । ਦੂਜੇ ਦਿਨ ਆਪ ਕਾਦੀਆਂ ਵਾਪਸ ਆ ਗਏ ।

# ਮੌਤ ਦੀ ਭਵਿਖਬਾਣੀ ਅਤੇ ਜਮਾਤ ਦਾ ਪ੍ਰਬੰਧ, ਸਦਰ ਅੰਜੁਮਨ ਅਹਿਮਦੀਆ ਦੀ ਸਥਾਪਨਾ

ਦਸੰਬਰ 1905 ਈ. ਵਿੱਚ ਆਪਨੂੰ ਇਲਹਾਮ ਹੋਇਆ ਕਿ ਆਪ ਦੀ ਮੌਤ ਨੇੜੇ ਹੈ ਜਿਸ ਤੇ ਆਪਨੇ ਇਕ ਪਤੱਰਕਾ "ਅਲ-ਵਸੀਅਤ" ਲਿਖਕੇ ਆਪਣੀ ਸਾਰੀ ਜਮਾਤ ਲਈ ਪ੍ਰਕਾਸ਼ਤ ਕਰ ਦਿੱਤਾ ਅਤੇ ਉਸ ਵਿੱਚ ਜਮਾਤ ਨੂੰ ਆਪਣੀ ਮੌਤ ਦੇ ਨੇੜੇ ਹੋਣ ਦੀ ਖ਼ਬਰ ਦਿੱਤੀ ਅਤੇ ਉਹਨਾਂ ਨੂੰ ਤਸੱਲੀ ਦਿੱਤੀ ਅਤੇ ਇਲਾਹੀ ਇਲਹਾਮ

ਅਨੁਸਾਰ ਇੱਕ ਮਕਬਰਾ ਬਣਾਏ ਜਾਣ ਦੀ ਘੋਸ਼ਣਾ ਕੀਤੀ ਅਤੇ ਉਸ ਵਿੱਚ ਦਫ਼ਨ ਹੋਣ ਵਾਲਿਆਂ ਲਈ ਸ਼ਰਤਾਂ ਨਿਸ਼ਚਿਤ ਕੀਤੀਆਂ ਕਿ ਉਹ ਆਪਣੀ ਸਾਰੀ ਜਾਇਦਾਦ (ਸੰਪਤੀ) ਦਾ ਦਸਵਾਂ ਭਾਗ ਇਸਲਾਮ ਦੇ ਪ੍ਰਸਾਰ ਲਈ ਦੇਣ ਅਤੇ ਲਿਖਿਆ ਕਿ ਮੈਨੂੰ ਅਲੱਾਹ ਤਆਲਾ ਨੇ ਖ਼ੁਸ਼ਖਬਰੀ ਦਿੱਤੀ ਹੈ ਕਿ ਇਸ ਮਕਬਰੇ ਵਿੱਚ ਕੇਵਲ ਉਹੋ ਦਫ਼ਨ ਹੋ ਸਕਣਗੇ ਜੋ ਜਨੱਤੀ (ਸਵਰਗੀ) ਹੋਣਗੇ ਅਤੇ ਉਸ ਮਾਲ ਦੀ ਰੱਖਿਆ ਲਈ ਜੋ ਇਸ ਮਕਬਰੇ ਵਿੱਚ ਦਫ਼ਨ ਹੋਣ ਲਈ ਲੋਕ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਦੇਣਗੇ ਇਕ ਅੰਜੁਮਨ ਦੀ ਸਥਾਪਨਾ ਕੀਤੀ। ਇਸ ਪ੍ਰਬੰਧ ਤੋਂ ਛੁਟ ਇਹ ਵੀ ਭਵਿਖਬਾਣੀ ਕੀਤੀ ਕਿ ਜਮਾਤ ਦੀ ਰੱਖਿਆ ਅਤੇ ਇਸ ਨੂੰ ਸੰਭਾਲਣ ਲਈ ਖ਼ੁਦਾ ਤਾਅਲਾ ਆਪ ਮੇਰੀ ਮੌਤ ਮਗਰੋਂ ਇਸੇ ਪ੍ਰਕਾਰ ਪ੍ਰਬੰਧ ਕਰੇਗਾ ਜਿਵੇਂ ਪਹਿਲੇ ਨਬੀਆਂ ਦੇ ਮਗਰੋਂ ਕਰਦਾ ਰਿਹਾ ਹੈ ਅਤੇ ਅਜੇਹੇ ਲੋਕਾਂ ਨੂੰ ਖੜਾ ਕਰਦਾ ਰਹੇਗਾ ਜੋ ਜਮਾਤ ਦੀ ਨਿਗਰਾਨੀ ਉਸੇ ਤਰ੍ਹਾਂ ਕਰਨਗੇ ਜਿਵੇਂ ਆਂਹਜ਼ਰਤ ਸੱਲੱਲਾਹੋ ਅਲੈਹਿ ਵਸੱਲਮ ਦੇ ਬਾਦ ਹਜ਼ਰਤ ਅਬੂ-ਬਕਰ ਰਜ਼ੀਅੱਲਾਹ ਅਨਹੋ ਨੇ ਕੀਤੀ ਸੀ। ਜਮਾਤ ਦੀ ਸਿੱਖਿਅਕ ਤੇ ਪ੍ਰਚਾਰਕ ਲੋੜਾਂ ਲਈ "ਅਲ-ਵਸੀਅਤ" ਦੇ ਪ੍ਰਕਾਸ਼ਨ ਤੱਕ ਮਦਰਸਾ ਅਤੇ ਮੈਗਜ਼ੀਨ ਦੀ ਪ੍ਰਬੰਧਕੀ ਕਮੇਟੀਆ ਸਨ ਅਤੇ ਮਕਬਰੇ ਲਈ ਇਕ ਨਵੀ ਸੰਸਥਾ ਅਯੋਜਿਤ ਹੋਈ। ਪਰ ਖੁਦੱਾਮ ਦੀ ਬੇਨਤੀ ਉਂਪਰ ਦਸੰਬਰ 1906 ਈ. ਵਿੱਚ ਆਪਨੇ ਇਸ ਸੰਸਥਾ ਦੀ ਥਾਂ ਜਿਸਨੂੰ ਵਸੀਅਤਾਂ ਦੇ ਮਾਲ ਦੀ ਰੱਖਿਆ ਲਈ ਨਿਯੁਕਤ ਕੀਤਾ ਗਿਆ ਸੀ ਇਕ ਅਜੇਹੀ ਅੰਜੁਮਨ ਕਾਇਮ ਕਰ ਦਿੱਤੀ ਜਿਸਦੇ ਅਧੀਨ ਧਾਰਮਕ ਤੇ ਸੰਸਾਰਕ ਸਿੱਖਿਆ ਦੇ ਮਦਰਸੇ, ਰੀਵੀਯੂ ਆਫ਼ ਰਿਲੀਜੰਜ਼, ਮਕਬਰਾ ਬਹਿਸ਼ਤੀ ਆਦਿ ਸਾਰੇ ਵੱਖ-ਵੱਖ ਕੰਮ ਕਰ ਦਿੱਤੇ ਗਏ ਅਤੇ ਵੱਖ-ਵੱਖ ਸੰਸਥਾਵਾਂ ਦੀ ਥਾਂ ਇਕ ਹੀ ਸਦਰ ਅੰਜੁਮਨ ਦੀ ਸਥਾਪਨਾ ਕਰ ਦਿੱਤੀ।

ਸਤੰਬਰ 1907 ਈ. ਵਿੱਚ ਆਪ ਜੀ ਦਾ ਲੜਕਾ ਮੁਬਾਰਕ ਅਹਿਮਦ ਇਸ ਭਵਿਖਬਾਣੀ ਅਨੁਸਾਰ ਜੋ ਉਸਦੀ ਪੈਦਾਇਸ਼ ਦੇ ਸਮੇਂ ਹੀ ਛਾਪਕੇ ਪ੍ਰਕਾਸ਼ਤ ਕਰ ਦਿੱਤੀ ਗਈ ਸੀ ਸਾਡੇ ਅੱਠ ਸਾਲ ਦੀ ਉਮਰ ਵਿੱਚ ਉਸਦੀ ਮੌਤ ਹੋ ਗਈ।

ਇਸੇ ਸਾਲ ਸਦਰ ਅੰਜੁਮਨ ਦੀ ਵਿਭਿੰਨ ਸ਼ਹਿਰਾਂ ਵਿੱਚ ਸ਼ਾਖਾਵਾਂ ਕਾਇਮ ਕਰਨ ਦੀ ਸਲਾਹ ਕੀਤੀ ਗਈ। ਦੋ ਪੁਰਸ਼ ਅਤੇ ਇਕ ਇਸਤਰੀ ਅਮਰੀਕਨ ਆਪਨੂੰ ਮਿਲਣ ਲਈ ਆਏ ਜਿਨ੍ਹਾਂ ਨਾਲ ਦੇਰ ਤੱਕ ਵਾਰਤਾਲਾਪ ਹੋਈ ਅਤੇ ਉਹਨਾ ਨੂੰ ਮਸੀਹ ਦੇ ਦੁਬਾਰਾ ਆਉਣ ਦੀ ਹਿਕਮਤ ਅਤੇ ਵਾਸਤਵਿਕਤਾ ਸਮਝਾਈ।

ਇਸੇ ਸਾਲ ਪੰਜਾਬ ਵਿੱਚ ਕੁਝ ਐਜੀਟੇਸ਼ਨ ਪੈਦਾ ਹੋ ਗਿਆ। ਇਸ ਤੇ ਆਪਨੇ ਆਪਣੀ ਜਮਾਤ ਨੂੰ ਸਰਕਾਰ ਦੇ ਪ੍ਰਤੀ ਵਫ਼ਾਦਾਰ ਰਹਿਣ ਲਈ ਕਿਹਾ ਅਤੇ ਭਿੰਨ-

ਭਿੰਨ ਥਾਵਾਂ ਉਂਪਰ ਆਪਦੀ ਜਮਾਤ ਨੇ ਇਸ ਸ਼ੋਰ ਨੂੰ ਦੂਰ ਕਰਨ ਲਈ ਬਿਨਾਂ ਕਿਸੇ ਲਾਲਚ ਦੇ ਸੇਵਾ ਕੀਤੀ।

ਦਸੰਬਰ ਵਿੱਚ ਆਰਿਯਾਂ ਨੇ ਲਾਹੌਰ ਵਿੱਰ ਇਕ ਧਾਰਮਕ ਸੰਮੇਲਨ ਨਿਸ਼ਚਿਤ ਕੀਤਾ ਅਤੇ ਸਾਰਿਆ ਧਰਮਾਂ ਦੇ ਲੋਕਾਂ ਨੂੰ ਇਸ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਪਰ ਇਹ ਸ਼ਰਤ ਰੱਖੀ ਕਿ ਕਿਸੇ ਧਰਮ ਦੇ ਪੈਰੋਕਾਰ ਨੂੰ ਦੂਜੇ ਧਰਮ ਉਤੇ ਹਮਲਾ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਆਪ ਵੀ ਇਸ ਦੀ ਪਾਬੰਦੀ ਕਰਨ ਦਾ ਪ੍ਰਣ ਕੀਤਾ। ਆਪ ਜੀ ਨੂੰ ਵੀ ਇਸ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਤਾਂ ਆਪ ਨੇ ਉਸੇ ਸਮੇਂ ਕਹਿ ਦਿੱਤਾ ਕਿ ਮੈਨੂੰ ਤਾਂ ਇਸ ਸੁਝਾਅ ਵਿੱਚ ਧੋਖੇ ਦੀ ਬਦਬੋ ਆਉਦੀ ਹੈ। ਪਰ ਫ਼ਿਰ ਵੀ ਹੁੱਜਤ (ਦਲੀਲ) ਪੂਰੀ ਕਰਨ ਲਈ ਇਕ ਲੇਖ ਲਿਖ ਕੇ ਉਸ ਵਿੱਚ ਪੜ੍ਹਨ ਲਈ ਭੇਜ ਦਿੱਤਾ। ਇਸ ਲੇਖ ਵਿੱਚ ਆਪ ਜੀ ਨੇ ਵੱਡੇ ਜ਼ੋਰ ਨਾਲ ਆਰਿਯਾਂ ਨੂੰ ਮਿਲਾਪ ਦਾ ਸੰਦੇਸ਼ ਦਿੱਤਾ ਅਤੇ ਬਹੁਤ ਨਰਮੀ ਨਾਲ ਕੇਵਲ ਇਸਲਾਮ ਦੀਆਂ ਖ਼ੂਬੀਆਂ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤੀਆਂ। ਸਾਡੀ ਜਮਾਤ ਦੇ ਲਗਭਗ ਪੰਜ ਸੌ ਵਿਅਕਤੀ ਟਿਕਟ ਖ਼ਰੀਦ ਕੇ ਇਸ ਸੰਮੇਲਨ ਵਿੱਚ ਸ਼ਾਮਲ ਹੁੰਦੇ ਰਹੇ ਅਤੇ ਸਾਡੇ ਕਰਕੇ ਦੂਜੇ ਮੁਸਲਮਾਨ ਵੀ ਸ਼ਾਮਲ ਹੁੰਦੇ ਰਹੇ, ਪਰ ਜਦ ਆਰਿਯਾਂ ਦੀ ਵਾਰੀ ਆਈ ਤਾਂ ਉਹਨਾਂ ਨੇ ਬਹੁਤ ਬੁਰੇ ਰੂਪ ਵਿੱਚ ਸਾਡੇ ਨਬੀ ਕਰੀਮ ਸੱਲੱਲਾਹੋ ਅਲੈਹਿ ਵਸਲੱਮ ਨੂੰ ਗਾਲ੍ਹਾਂ ਕੱਢੀਆਂ ਅਤੇ ਭੈੜੇ ਤੋਂ ਭੈੜੇ ਸ਼ਬਦ ਹਜ਼ੂਰ ਅ.ਸ. ਲਈ ਵਰਤੇ ਗਏ ਪਰ ਅਸੀਂ ਆਪਦੀ ਸਿਖਿਆ ਅਨੁਸਾਰ ਚੁਪ ਕਰਕੇ ਉਨ੍ਹਾਂ ਭਾਸ਼ਣਾ ਨੂੰ ਸੁਣਦੇ ਰਹੇ ਅਤੇ ਕਿਸੇ ਨੇ ਉਠਕੇ ਇਨ੍ਹਾਂ ਵੀ ਨਹੀਂ ਕਿਹਾ ਕਿ ਸਾਡੇ ਨਾਲ ਧੋਖਾ ਕੀਤਾ ਗਿਆ ਹੈ।

31 ਮਾਰਚ 1908 ਈ. ਵਿੱਚ ਸਰ ਵਿਲਸਨ ਸਾਹਬ ਬਹਾਦੁਰ ਫਨਾਨਸ਼ਲ ਕਮਿਸ਼ਨਰ ਸੂਬਾ ਪੰਜਾਬ ਕਾਦੀਆਂ ਆਏ। ਕਿਉਕਿ ਇਹ ਪਹਿਲਾ ਮੌਕਾ ਸੀ ਕਿ ਪੰਜਾਬ ਦਾ ਇਕ ਅਜੇਹਾ ਆਦਰਣੀ ਉੱਚ ਅਧਿਕਾਰੀ ਕਾਦੀਆਂ ਆਇਆ। ਆਪ ਜੀ ਨੇ ਸਾਰੀ ਜਮਾਤ ਨੂੰ ਉਨ੍ਹਾਂ ਦਾ ਜੀ ਆਇਆ ਨੂੰ ਕਰਨ ਦਾ ਹੁਕਮ ਦਿੱਤਾ ਅਤੇ ਆਪਣੇ ਸਕੂਲ ਦੀ ਗਰਾਉਂਡ ਵਿੱਚ ਉਹਨਾਂ ਦਾ ਡੇਰਾ ਲਗਵਾਇਆ ਅਤੇ ਉਨ੍ਹਾਂ ਦੀ ਦਾਅਵਤ ਵੀ ਕੀਤੀ। ਕਿਉਕਿ ਆਪਜੀ ਬਾਰੇ ਆਪਦੇ ਮੁਖਾਲਫ਼ਾਂ ਨੇ ਪ੍ਰਸਿਧ ਕਰ ਰੱਖਿਆ ਸੀ ਕਿ ਆਪ ਪਿਠ-ਪਿੱਛੇ ਸਰਕਾਰ ਦੇ ਵਿਰੋਧੀ ਹਨ ਕਿਉਕਿ ਉੱਚ ਅਧਿਕਾਰੀਆਂ ਨਾਲ ਆਪਣੇ ਪਹਿਲੇ ਪਰਿਵਾਰਕ ਸੰਬੰਧਾ ਦੇ ਹੁੰਦਿਆ ਹੋਇਆਂ ਵੀ ਕਦੇ ਨਹੀਂ ਮਿਲਦੇ ਸਨ। ਆਪ ਨੇ ਅਮਲੀ ਰੂਪ ਵਿੱਚ ਇਸ ਸ਼ੰਕਾ ਨੂੰ ਦੂਰ ਕਰ ਦਿੱਤਾ ਅਤੇ ਫਨਾਨਸ਼ਲ ਕਮਿਸ਼ਨਰ ਸਾਹਬ ਨੂੰ

ਮਿਲਣ ਲਈ ਆਪ ਚਲੇ ਗਏ। ਉਸ ਸਮੇਂ ਆਪ ਜੀ ਨਾਲ ਸੱਤ-ਅੱਠ ਵਿਅਕਤੀ ਆਪਦੀ ਜਮਾਤ ਦੇ ਵੀ ਸਨ। ਸ਼ਲਾਘਾ ਯੋਗ ਅਧਿਕਾਰੀ ਨੇ ਬਹੁਤ ਆਦਰ ਨਾਲ ਆਪਣੇ ਡੇਰੇ ਦੇ ਦਰਵਾਜ਼ੇ ਉੱਪਰ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੂੰ ਰਸੀਵ ਕੀਤਾ ਅਤੇ ਆਪ ਤੋਂ ਭਿੰਨ-ਭਿੰਨ ਕੰਮਾ ਅਤੇ ਆਪਦੀ ਜਮਾਤ ਬਾਰੇ ਪੁਛਦੇ ਰਹੇ, ਪਰ ਇਸ ਸਾਰੀ ਵਾਰਤਾਲਾਪ ਵਿੱਚ ਇਕ ਗਲ ਵਿਸ਼ੇਸ਼ ਰੂਪ ਵਿੱਚ ਵਰਨਣ ਯੋਗ ਹੈ। ਉਨ੍ਹਾਂ ਦਿਨਾਂ ਵਿੱਚ ਮੁਸਲਿਮਲੀਗ ਨਵੀਂ-ਨਵੀਂ ਕਾਇਮ ਹੋਈ ਸੀ ਅਤੇ ਅੰਗ੍ਰੇਜ਼ ਪਦਾਧਿਕਾਰੀ ਇਸ ਦੇ ਸਵਿਧਾਨ ਨਾਲ ਅਜੇਹੇ ਖੁਸ਼ ਸਨ ਕਿ ਉਨ੍ਹਾਂ ਦੇ ਖ਼ਿਆਲ ਅਨੁਸਾਰ ਕਾਂਗਰਸ ਦੇ ਨੁਕਸ ਦੂਰ ਕਰਨ ਵਿੱਚ ਇਹ ਇਕ ਜਬਰਦਸਤ ਹਥਿਆਰ ਸਿੱਧ ਹੋਵੇਗੀ ਅਤੇ ਕੁਝ ਅਧਿਕਾਰੀ ਧਨਵਾਨਾ ਨੂੰ ਇਸ਼ਾਰਿਆਂ ਵਿੱਚ ਇਸ ਵਿੱਚ ਸ਼ਾਮਲ ਹੋਣ ਦਾ ਸੁਝਾਅ ਵੀ ਦਿੰਦੇ ਸਨ। ਫਨਾਨਸ਼ਲ ਕਮਿਸ਼ਨਰ ਸਾਹਬ ਬਹਾਦੁਰ ਨੇ ਵੀ ਵਾਰਤਾਲਾਪ ਵਿਚਾਲੇ ਆਪ ਨਾਲ ਮੁਸਲਿਮ ਲੀਗ ਦਾ ਵਰਨਣ ਕੀਤਾ ਅਤੇ ਉਸਦੇ ਬਾਰੇ ਆਪਦੀ ਰਾਏ ਪੁੱਛੀ। ਆਪਨੇ ਫ਼ਰਮਾਇਆ ਮੈਂ ਉਸਨੂੰ ਪਸੰਦ ਨਹੀਂ ਕਰਦਾ। ਫਨਾਨਸ਼ਲ ਕਮਿਸ਼ਨਰ ਨੇ ਇਸ ਦੀ ਖੂਬੀ ਦਾ ਇਕਰਾਰ ਕੀਤਾ। ਆਪਨੇ ਕਿਹਾ ਕਿ ਇਹ ਰਸਤਾ ਖਤਰਨਾਕ ਹੈ। ਉਹਨਾਂ ਕਿਹਾ ਕਿ ਆਪ ਇਸਨੂੰ ਕਾਂਗ੍ਰਸ ਦਾ ਵਿਚਾਰ ਨ ਸਮਝੋ। ਇਸ ਦੀ ਸਥਾਪਨਾ ਤਾਂ ਅਜੇਹੇ ਢੰਗ ਵਿੱਚ ਹੋਈ ਹੈ ਕਿ ਇਸ ਦਾ ਆਪਣੀ ਮੰਗਾ ਵਿੱਚ ਹਦੋ ਵੱਧ ਜਾਣਾ ਅਰੰਭ ਤੋਂ ਨਜ਼ਰ ਆ ਰਿਹਾ ਸੀ, ਪਰ ਮੁਸਲਿਮ ਲੀਗ ਦੀ ਨੀਂਹ ਅਜੇਹੇ ਲੋਕਾਂ ਦੇ ਹੱਥਾਂ ਅਤੇ ਅਜੇਹੇ ਕਨੂਨਾਂ ਰਾਹੀਂ ਪਈ ਹੈ ਕਿ ਇਹ ਕਦੇ ਕਾਂਗ੍ਰਸ ਦਾ ਰੰਗ ਨਹੀਂ ਫ਼ੜ ਸਕਦੀ। ਇਸ ਤੇ ਆਪਦੇ ਇਕ ਮੁਰੀਦ ਖਵਾਜਾ ਕਮਾਲੁੱਦੀਨ ਨੇ ਜੋ ਵੋਕਿੰਗ ਮਿਸ਼ਨ ਦੇ ਬਾਨੀ ਅਤੇ ਰਸਾਲਾ ਮੁਸਲਿਮ ਇੰਡੀਆ ਦੇ ਮਾਲਕ ਸਨ ਸਰ ਵਿਲਸਨ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਮੈਂ ਵੀ ਉਸਦਾ ਮੈਂਬਰ ਹਾਂ ਉਸਦੇ ਅਜੇਹੇ ਨਿਯਮ ਬਣਾਏ ਗਏ ਹਨ ਕਿ ਉਸ ਦੇ ਗੁਮਰਾਹ ਹੋਣ ਦਾ ਖਤਰਾ ਨਹੀਂ। ਪਰ ਦੋਹਾਂ ਦੇ ਉੱਤਰ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਫ਼ਰਮਾਇਆ ਕਿ ਮੈਨੂੰ ਤਾਂ ਬੋ ਆਉਂਦੀ ਹੈ ਕਿ ਇਕ ਦਿਨ ਇਹ ਵੀ ਕਾਂਗ੍ਰਸ ਦਾ ਰੰਗ ਫੜ ਲਏਗੀ। ਮੈਂ ਇਸ ਪ੍ਰਕਾਰ ਰਾਜਨੀਤੀ ਵਿੱਚ ਦਖਲ ਦੇਣ ਨੂੰ ਖਤਰਨਾਕ ਸਮਝਦਾ ਹਾਂ। ਇਹ ਚਰਚਾ ਤਾਂ ਇਸਤੇ ਖਤਮ ਹੋਈ, ਪਰ ਹਰ ਇਕ ਰਾਜਨੀਤਿਕ ਘਟਨਾਵਾਂ ਦਾ ਅਧਿਐਨ ਕਰਨ ਵਾਲਾ ਜਾਣਦਾ ਹੈ ਕਿ ਆਪਦਾ ਖ਼ਿਆਲ ਕਿਵੇਂ ਅੱਖਰ-ਅੱਖਰ ਪੂਰਾ ਹੋਇਆ।

ਇਸੇ ਸਾਲ 26 ਅਪ੍ਰੈਲ ਨੂੰ ਆਪਣੀ ਮਾਤਾ ਜੀ ਦੀ ਬਿਮਾਰੀ ਕਾਰਨ ਆਪ ਨੂੰ

ਲਾਹੌਰ ਜਾਣਾ ਪਿਆ। ਜਿਸ ਦਿਨ ਕਾਦੀਆਂ ਤੋਂ ਚਲਣਾ ਸੀ ਉਸੇ ਰਾਤ ਆਪਨੂੰ ਇਲਹਾਮ ਹੋਇਆ :-

''ਮਬਾਸ਼ ਐਮਨ ਅਜ਼ ਬਾਜ਼ੀਏ ਰੋਜ਼ਗਾਰ''

ਅਰਥਾਤ ਸੰਸਾਰਕ ਘਟਨਾਵਾਂ ਤੋਂ ਬੇ-ਖੌਫ਼ ਨ ਹੋ। ਇਸਤੇ ਆਪਨੇ ਫ਼ਰਮਾਇਆ ਕਿ ਅੱਜ ਇਹ ਇਲਹਾਮ ਹੋਇਆ ਹੈ, ਜੋ ਕਿਸੇ ਖ਼ਤਰਨਾਕ ਘਟਨਾ ਵੱਲ ਸੰਕੇਤ ਕਰਦਾ ਹੈ ਸੰਜੋਗ ਨਾਲ ਉਸੇ ਰਾਤ ਮੇਰੇ ਛੋਟੇ ਭਾਈ ਮਿਰਜ਼ਾ ਸ਼ਰੀਫ਼ ਅਹਿਮਦ ਬਿਮਾਰ ਹੋ ਗਏ। ਪਰ ਜਿਵੇਂ ਹੋ ਸਕਿਆ ਚਲ ਪਏ। ਜਦ ਬਟਾਲੇ ਪਹੁੰਚੇ ਜੋ ਕਾਦੀਆ ਦਾ ਸਟੇਸ਼ਨ ਸੀ ਤਾਂ ਉੱਥੇ ਪਤਾ ਲੱਗਾ ਕਿ ਸਰਹਦੀ ਗੜਬੜੀ ਕਰਕੇ ਗੱਡੀਆਂ ਕਾਫ਼ੀ ਨਹੀਂ ਇਸ ਲਈ ਗੱਡੀ ਰਿਜ਼ਰਵ ਨਹੀਂ ਹੋ ਸਕੀ। ਉੱਥੇ ਦੋ-ਤਿੰਨ ਦਿਨ ਉਡੀਕਣਾ ਪਿਆ। ਆਪਨੇ ਆਪਣੇ ਘਰ ਵਿੱਚ ਫ਼ਰਮਾਇਆ ਕਿ ਇੱਧਰ ਡਰਾਉਣ ਵਾਲਾ ਇਲਹਾਮ ਹੋਇਆ ਹੈ ਉੱਧਰ ਅੱਲਾਹ ਤਆਲਾ ਵੱਲੋਂ ਰੋਕਾਂ ਪੈ ਰਹੀਆ ਹਨ। ਚੰਗਾ ਹੈ ਕਿ ਇੱਥੇ ਬਟਾਲੇ ਵਿੱਚ ਹੀ ਕੁਝ ਸਮਾਂ ਠਹਿਰ ਜਾਈਏ। ਵਾਤਾਵਰਣ ਬਦਲ ਜਾਏਗਾ। ਇਲਾਜ ਲਈ ਕੋਈ ਲੇਡੀ ਡਾਕਟਰ ਇੱਥੇ ਹੀ ਬੁਲਾ ਲਈ ਜਾਏਗੀ। ਪਰ ਉਹਨਾਂ ਨੇ ਜ਼ਿਦ ਕੀਤੀ ਕਿ ਨਹੀਂ ਲਾਹੌਰ ਹੀ ਚਲੋ। ਅੰਤ ਦੋ ਤਿੰਨ ਦਿਨਾਂ ਦੀ ਉਡੀਕ ਤੋਂ ਬਾਦ ਆਪ ਲਾਹੌਰ ਆ ਗਏ। ਆਪਦੇ ਪਹੁੰਚਦਿਆ ਹੀ ਲਾਹੌਰ ਵਿੱਚ ਇਕ ਸ਼ੋਰ ਮਚ ਗਿਆ ਅਤੇ ਮੌਲਵੀ ਆਪ ਦੀ ਵਿਰੋਧਤਾ ਲਈ ਇਕੱਠੇ ਹੋ ਗਏ। ਜਿਸ ਮਕਾਨ ਵਿੱਚ ਆਪ ਠਹਿਰੇ ਸਨ ਉਸਦੇ ਨੇੜੇ ਹੀ ਮੈਦਾਨ ਵਿੱਚ ਆਪਦੇ ਖਿਲਾਫ਼ ਭਾਸ਼ਣਾਂ ਦਾ ਸਿਲਸਲਾ ਅਰੰਭ ਹੋਇਆ ਜੋ ਰੋਜ਼ ਅਸਰ ਦੀ ਨਮਾਜ਼ ਮਗਰੋਂ ਰਾਤ ਨੌ ਦਸ ਵਜੇ ਤੱਕ ਚਲਦਾ ਰਹਿੰਦਾ। ਇਹਨਾ ਭਾਸ਼ਣ ਵਿੱਚ ਗੰਦੀ ਤੋਂ ਗੰਦੀ ਗਾਲ੍ਹਾਂ ਆਪ ਨੂੰ ਕੱਢੀਆਂ ਜਾਂਦੀਆਂ। ਕਿਉਂਕਿ ਆਪਦੇ ਮਕਾਨ ਤੱਕ ਪਹੁੰਚਣ ਦਾ ਇਹੋ ਰਸਤਾ ਸੀ। ਆਪਦੀ ਜਮਾਤ ਨੂੰ ਬਹੁਤ ਕਸ਼ਟ ਹੁੰਦਾ। ਪਰ ਆਪਨੇ ਸਾਰਿਆ ਨੂੰ ਸਮਝਾ ਦਿੱਤਾ ਕਿ ਗਾਲ੍ਹਾਂ ਨਾਲ ਸਾਡਾ ਕੁਝ ਨਹੀਂ ਵਿਗੜਦਾ। ਤੁਸੀਂ ਚੁਪ ਕਰਕੇ ਨੇੜਿਓਂ ਲੰਘ ਜਾਇਆ ਕਰੋ। ਉਧਰ ਦੇਖਿਆ ਵੀ ਨ ਕਰੋ। ਕਿਉਂਕਿ ਇਸ ਵਾਰ ਲਾਹੌਰ ਵਿੱਚ ਕੁਝ ਬਹੁਤ ਸਮਾਂ ਠਹਿਰਣ ਦਾ ਇਰਾਦਾ ਸੀ ਇਸ ਲਈ ਜਮਾਤ ਦੇ ਵਿਅਕਤੀ ਚਾਰੇ ਪਾਸਿਆਂ ਤੋਂ ਇਕੱਠੇ ਹੋ ਗਏ ਸਨ ਅਤੇ ਹਰ ਸਮੇਂ ਭੀੜ ਰਹਿੰਦੀ ਸੀ। ਲੋਕ ਵੀ ਆਪ ਨੂੰ ਮਿਲਣ ਲਈ ਆਉਂਦੇ ਰਹਿੰਦੇ ਸਨ।

# ਲਾਹੌਰ ਦੇ ਰਈਸਾਂ ਨੂੰ ਦਾਅਵਤ ਅਤੇ ਹਜ਼ੂਰ ਅਲੈਹਿਸ ਸਲਾਮ ਦਾ ਭਾਸ਼ਣ

ਕਿਉਂਕਿ ਭਾਰਤ ਦੇ ਧਨੀ ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਸਾਰੀ ਦੁਨੀਆ ਦੇ ਧਨੀ ਲੋਕ ਧਰਮ ਤੋਂ ਤੁਲਨਾਤਕਮਕ ਗ਼ਾਫ਼ਲ ਹੁੰਦੇ ਹਨ। ਇਸ ਲਈ ਆਪ ਨੇ ਉਨ੍ਹਾਂ ਨੂੰ ਕੁਝ ਦੱਸਣ ਲਈ ਇਹ ਵਿਉਂਤ ਕੀਤੀ ਕਿ ਲਾਹੌਰ ਦੇ ਇਕ ਗ਼ੈਰ ਅਹਿਮਦੀ ਰਈਸ (ਅਮੀਰ ਵਿਅਕਤੀ) ਵੱਲੋਂ ਜੋ ਆਪ ਦਾ ਸ਼ਰਧਾਲੂ ਸੀ ਰਈਸਾਂ ਨੂੰ ਦਾਅਵਤ ਦਿੱਤੀ ਅਤੇ ਖਾਣ ਸਮੇਂ ਕੁਝ ਭਾਸ਼ਣ ਦਿੱਤਾ। ਭਾਸ਼ਣ ਕੁਝ ਲੰਮਾ ਹੋ ਗਿਆ। ਲਗਭਗ ਇਕ ਘੰਟਾ ਲੰਘ ਗਿਆ ਤਾਂ ਇਕ ਵਿਅਕਤੀ ਨੇ ਘਬਰਾਹਟ ਦਾ ਪ੍ਰਦਰਸ਼ਨ ਕੀਤਾ। ਇਸ ਤੇ ਬਹੁਤ ਸਾਰੇ ਲੋਕ ਬੋਲ ਉਠੇ ਕਿ ਖਾਣਾ ਤਾ ਅਸੀਂ ਰੋਜ਼ ਖਾਂਦੇ ਹਾਂ ਪਰ ਇਹ ਖਾਣਾ (ਆਤਮਕ ਭੋਜਨ) ਤਾਂ ਅੱਜ ਹੀ ਪ੍ਰਾਪਤ ਹੋਇਆ ਹੈ ਆਪ ਭਾਸ਼ਣ ਜਾਰੀ ਰੱਖੋ। ਦੋ ਢਾਈ ਘੰਟੇ ਤੱਕ ਆਪਦਾ ਭਾਸ਼ਣ ਹੁੰਦਾ ਰਿਹਾ। ਇਸ ਭਾਸ਼ਣ ਬਾਰੇ ਲੋਕਾਂ ਵਿੱਚ ਪ੍ਰਸਿਧ ਹੋ ਗਿਆ ਕਿ ਆਪਨੇ ਆਪਣਾ 'ਨਬੁੱਵਤ' ਦਾ ਦਾਅਵਾ ਵਾਪਸ ਲੈ ਲਿਆ ਹੈ, ਲਾਹੌਰ ਦੇ ਉਰਦੂ ਦੇ ਦੈਨਿਕ ਅਖ਼ਬਾਰ-ਏ-ਆਮ ਨੇ ਇਹ ਖ਼ਬਰ ਪ੍ਰਕਾਸ਼ਤ ਕਰ ਦਿੱਤੀ। ਇਸ ਤੇ ਆਪ ਨੇ ਉਸੇ ਸਮੇਂ ਇਸ ਖ਼ਬਰ ਦਾ ਖੰਡਨ ਕੀਤਾ ਅਤੇ ਲਿਖਿਆ ਕਿ ਸਾਡਾ ਨਬੁਵੱਤ ਦਾ ਦਾਅਵਾ ਹੈ ਅਤੇ, ਮੈਂ ਇਸ ਨੂੰ ਕਦੇ ਵਾਪਸ ਨਹੀਂ ਲਿਆ। ਸਾਨੂੰ ਕੇਵਲ ਇਸ ਗੱਲ ਤੋਂ ਇਨਕਾਰ ਹੈ ਕਿ ਮੈਂ ਕੋਈ ਨਵੀਂ ਸ਼ਰੀਅਤ ਲਿਆਇਆ ਹਾਂ। ਸ਼ਰੀਅਤ ਉਹੋ ਹੀ ਹੈ ਜੋ ਹਜ਼ਰਤ ਮੁਹੰਮਦ ਸੱਲੱਲਾਹੋ ਅਲੈਹਿ ਵਸੱਲਮ ਲਿਆਏ ਸਨ।

# ਹਜ਼ੂਰ ਅਲੈਹਿਸ ਸਲਾਮ ਦਾ ਨਿਧਨ

ਆਪ ਨੂੰ ਪੇਟ ਦੀ ਖਰਾਬੀ ਦੀ ਸ਼ਿਕਾਇਤ ਰਹਿੰਦੀ ਸੀ। ਲਾਹੌਰ ਆਉਣ ਮਗਰੋਂ ਇਹ ਬਿਮਾਰੀ ਵੱਧ ਗਈ। ਕਿਉਂਕਿ ਮਿਲਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਸੀ ਇਸ ਲਈ ਅਰਾਮ ਨ ਮਿਲਿਆ। ਉਸੇ ਹਾਲਤ ਵਿੱਚ ਸਨ ਕਿ ਇਲਹਾਮ ਹੋਇਆ "ਅਰ ਰਹੀਲੋ ਸੁੱਮਰ ਰਹੀਲੋ" ਅਰਥਾਤ ਕੂਚ ਕਰਨ ਦਾ ਸਮਾਂ ਆ ਗਿਆ ਹੈ। ਫ਼ਿਰ ਕੂਚ ਕਰਨ ਦਾ ਸਮਾਂ ਆ ਗਿਆ। ਇਸ ਇਲਹਾਮ ਕਰਕੇ ਲੋਕਾਂ ਨੂੰ ਡਰ ਹੋਇਆ ਪਰ ਛੇਤੀ ਹੀ ਕਾਦੀਆਂ ਤੋਂ ਇਕ ਬਹੁਤ ਹੀ ਨੇਕ ਮਿੱਤਰ ਦੀ ਮੌਤ ਦੀ ਖ਼ਬਰ ਪਹੁੰਚਦੀ ਅਤੇ ਲੋਕਾਂ ਨੇ ਇਹ ਇਲਹਾਮ ਉਨ੍ਹਾਂ ਬਾਰੇ ਸਮਝਿਆ ਅਤੇ

ਤਸੱਲੀ ਹੋ ਗਈ, ਪਰ ਜਦ ਆਪ ਤੋਂ ਪੁੱਛਿਆ ਗਿਆ ਤਾਂ ਆਪਨੇ ਫ਼ਰਮਾਇਆ ਕਿ ਨਹੀਂ ਇਹ ਸਿਲਸਿਲੇ ਦੇ ਇਕ ਬਹੁਤ ਵੱਡੇ ਵਿਕਤੀ ਬਾਰੇ ਹੈ ਉਹ ਵਿਅਕਤੀ ਇਸਤੋਂ ਮੁਰਾਦ ਨਹੀਂ। ਇਸ ਇਲਹਾਮ ਤੋਂ ਘਬਰਾ ਕੇ ਮਾਤਾ ਜੀ ਨੇ ਇਕ ਦਿਨ ਕਿਹਾ ਕਿ ਚਲੋ ਵਾਪਸ ਕਾਦੀਆਂ ਚਲੀਏ। ਆਪਨੇ ਉਤੱਰ ਦਿੱਤਾ ਕਿ ਹੁਣ ਵਾਪਸ ਜਾਣਾ ਸਾਡੇ ਵਸ ਵਿੱਚ ਨਹੀਂ। ਹੁਣ ਜੇਕਰ ਖ਼ੁਦਾ ਹੀ ਲੈਕੇ ਜਾਏਗਾ ਤਾਂ ਜਾ ਸਕਾਂਗੇ ਪਰ ਇਹਨਾਂ ਇਲਹਾਮਾਂ ਅਤੇ ਬਿਮਾਰੀ ਵਿੱਚ ਵੀ ਆਪ ਆਪਣੇ ਕੰਮ ਵਿੱਚ ਲੱਗੇ ਰਹੇ। ਅਤੇ ਇਸ ਬਿਮਾਰੀ ਵਿੱਚ ਹੀ ਹਿੰਦੁਆਂ ਅਤੇ ਮੁਸਲਮਾਨਾ ਵਿੱਚ ਮਿਲਾਪ ਅਤੇ ਮਿਤੱਰਤਾ ਪੈਦਾ ਕਰਨ ਲਈ ਆਪਨੇ ਇਕ ਭਾਸ਼ਣ ਦੇਣ ਦਾ ਸੁਝਾਅ ਦਿੱਤਾ ਅਤੇ ਭਾਸ਼ਣ ਲਿਖਣਾ ਸ਼ੁਰੂ ਕਰ ਦਿੱਤਾ ਅਤੇ ਇਸ ਦਾ ਨਾਂ 'ਪੈਗ਼ਾਮੇ ਸੁਲਾਹ'' (ਮਿਲਾਪ ਸੰਦੇਸ਼) ਰੱਖਿਆ। ਇਸ ਨਾਲ ਆਪਦੀ ਹਾਲਤ ਹੋਰ ਵੀ ਕਮਜ਼ੋਰ ਹੋ ਗਈ ਅਤੇ ਦਸਤਾ ਦੀ ਬਿਮਾਰੀ ਵੱਧ ਗਈ। ਜਿਸ ਦਿਨ ਭਾਸ਼ਣ ਖ਼ਤਮ ਹੋਣਾ ਸੀ ਉਸੇ ਰਾਤ ਇਲਹਾਮ ਹੋਇਆ :-

''ਮਕੁਨ ਤਕੀਯਹ ਬਰ ਉਮਰ ਨਾ ਪਾਇਦਾਰ''

ਅਰਥਾਤ ਨ ਰਹਿਣ ਵਾਲੀ ਉਮਰ ਉੱਤੇ ਭਰੋਸਾ ਨ ਕਰਨਾ। ਆਪ ਨੇ ਉਸੇ ਸਮੇਂ ਇਹ ਇਲਹਾਮ ਘਰ ਵਿੱਚ ਸੁਣਾ ਦਿੱਤਾ ਅਤੇ ਫ਼ਰਮਾਇਆ ਕਿ ਮੇਰੇ ਬਾਰੇ ਹੈ। ਦਿਨ ਨੂੰ ਭਾਸ਼ਣ ਖ਼ਤਮ ਹੋਇਆ ਅਤੇ ਛਪਣ ਲਈ ਦੇ ਦਿੱਤਾ ਗਿਆ। ਰਾਤ ਦੇ ਸਮੇਂ ਆਪਨੂੰ ਦਸਤ ਆਇਆ ਅਤੇ ਬਹੁਤ ਕਮਜ਼ੋਰੀ ਹੋ ਗਈ। ਮਾਤਾ ਜੀ ਨੂੰ ਜਗਾਇਆ। ਉਹ ਉੱਠੀ ਤਾਂ ਦੇਖਿਆ ਆਪ ਦੀ ਹਾਲਤ ਬਹੁਤ ਕਮਜ਼ੋਰ ਸੀ। ਉਹਨਾਂ ਨੇ ਘਬਰਾ ਕੇ ਪੁੱਛਿਆ ਕਿ ਆਪ ਨੂੰ ਕੀ ਹੋਇਆ ਹੈ ? ਫ਼ਰਮਾਇਆ ਉਹੋ ਹੀ ਜੋ ਮੈਂ ਕਿਹਾ ਕਰਦਾ ਸੀ। (ਅਰਥਾਤ ਮੌਤ ਦਾ ਰੋਗ) ਇਸ ਦੇ ਮਗਰੋਂ ਫ਼ਿਰ ਇਕ ਹੋਰ ਦਸਤ ਆਇਆ। ਇਸ ਨਾਲ ਤਾਂ ਬਹੁਤ ਹੀ ਕਮਜ਼ੋਰੀ ਹੋ ਗਈ। ਫ਼ਰਮਾਇਆ ਮੌਲਵੀ ਨੂਰੁੱਦੀਨ ਸਾਹਬ ਨੂੰ ਬੁਲਾਓ (ਮੌਲਵੀ ਸਾਹਬ ਜਿਵੇਂ ਕਿ ਉੱਪਰ ਲਿੱਖਿਆ ਹੈ ਕਿ ਬਹੁਤ ਵੱਡੇ ਹਕੀਮ ਸਨ) ਫ਼ਿਰ ਫ਼ਰਮਾਇਆ ਕਿ ਮਹਮੂਦ (ਇਸ ਕਿਤਾਬ ਦੇ ਲੇਖਕ) ਅਤੇ ਮੀਰ ਸਾਹਬ (ਆਪ ਜੀ ਦੇ ਸੌਹੁਰਾ ਸਾਹਬ) ਨੂੰ ਜਗਾਓ। ਮੇਰੀ ਮੰਜੀ ਆਪਦੀ ਮੰਜੀ ਤੋ ਥੋੜੀ ਹੀ ਦੂਰ ਸੀ। ਮੈਨੂੰ ਜਗਾਇਆ ਗਿਆ ਉਠਕੇ ਦੇਖਿਆ ਤਾਂ ਆਪਨੂੰ ਬਹੁਤ ਤਕਲੀਫ਼ ਸੀ। ਡਾਕਟਰ ਵੀ ਆ ਗਏ ਸਨ। ਉਹਨਾਂ ਨੇ ਇਲਾਜ ਸ਼ੁਰੂ ਕੀਤਾ ਪਰ ਅਰਾਮ ਨ ਹੋਇਆ। ਅੰਤ ਇੰਜੈਕਸ਼ਨ ਰਾਹੀਂ ਕੁਝ ਦਵਾਈਆਂ ਦਿੱਤੀਆਂ ਗਈਆਂ। ਇਸ ਦੇ ਮਗਰੋਂ ਆਪ ਸੌਂ ਗਏ। ਜਦ ਸਵੇਰ ਦਾ ਸਮਾਂ ਹੋਇਆ ਆਪ ਉੱਠੇ ਅਤੇ ਉਠਕੇ ਨਮਾਜ਼ ਪੜ੍ਹੀ। ਗਲਾ ਬਿਲਕੁਲ ਬੈਠ ਗਿਆ ਸੀ। ਕੁਝ ਕਹਿਣਾ ਚਾਹਿਆ ਪਰ ਬੋਲ ਨ ਸਕੇ। ਇਸ ਤੇ ਕਲਮ-ਦਵਾਤ ਮੰਗੀ ਪਰ ਲਿਖ ਵੀ

ਨ ਸਕੇ। ਕਲਮ ਹੱਥੋਂ ਛੁਟ ਗਈ। ਇਸ ਮਗਰੋਂ ਲੇਟ ਗਏ ਅਤੇ ਥੋੜ੍ਹੀ ਦੇਰ ਤਕ ਨੀਂਦ ਵਰਗੀ ਹਾਲਤ ਰਹੀ ਅੰਤ ਲਗਭਗ ਸਾਢੇ ਦਸ ਵਜੇ ਦਿਨ ਦੇ ਆਪ ਦੀ ਪਵਿਤਰ ਰੂਹ (ਆਤਮਾ) ਉਸ ਸ਼ਹਿਨਸ਼ਾਹੇ ਹਕੀਕੀ (ਰੱਬ) ਦੇ ਹਜ਼ੂਰ ਹਾਜ਼ਰ ਹੋ ਗਈ, ਜਿਸਦੇ ਧਰਮ ਤੇ ਮਖ਼ਲੂਕ ਦੀ ਸੇਵਾ ਵਿੱਚ ਆਪਨੇ ਆਪਣੀ ਸਾਰੀ ਉਮਰ ਲਗਾ ਦਿੱਤੀ ਸੀ।

# ਇੱਨਾ ਲਿੱਲਾਹੇ ਵ ਇੱਨਾ ਇਲੈਹੇ ਰਾਜਿਊਨ

ਬਿਮਾਰੀ ਦੇ ਸਮੇਂ ਕੇਵਲ ਇਕ ਹੀ ਸ਼ਬਦ ਆਪ ਦੀ ਜ਼ੁਬਾਨ ਉਪਰ ਸੀ ਅਤੇ ਉਹ ਸ਼ਬਦ 'ਅੱਲਾਹ' ਸੀ।

ਆਪ ਦੀ ਮੌਤ ਦੀ ਖ਼ਬਰ ਬਿਜਲੀ ਵਾਂਗ ਸਾਰੇ ਲਾਹੌਰ ਵਿੱਚ ਫ਼ੈਲ ਗਈ। ਭਿੰਨ-ਭਿੰਨ ਜਮਾਤਾਂ ਨੂੰ ਤਾਰਾਂ ਭੇਜ ਦਿੱਤੀਆਂ ਗਈਆਂ ਅਤੇ ਉਸੇ ਦਿਨ ਸ਼ਾਮ ਜਾਂ ਦੂਜੇ ਦਿਨ ਸਵੇਰ ਦੀਆਂ ਅਖ਼ਬਾਰਾਂ ਰਾਹੀਂ ਪੂਰੇ ਭਾਰਤ ਨੂੰ ਇਸ ਮਹਾਨ ਮਹਾਪੁਰਸ਼ ਦੀ ਮੌਤ ਦੀ ਖ਼ਬਰ ਮਿਲ ਗਈ। ਜਿੱਥੇ ਉਹ ਸ਼ਰਾਫ਼ਤ ਜਿਸ ਨਾਲ ਆਪ ਆਪਣੇ ਵਿਰੋਧੀਆ ਨਾਲ ਵਰਤਦੇ ਸਨ ਹਮੇਸ਼ਾਂ ਯਾਦ ਰਹੇਗੀ। ਉਥੇ ਉਹ ਖ਼ੁਸ਼ੀ ਵੀ ਕਦੇ ਭੁਲਾਈ ਨਹੀਂ ਜਾ ਸਕਦੀ ਜਿਸ ਦਾ ਪ੍ਰਗਟਾਵਾ ਆਪਦੀ ਮੌਤ ਮਗਰੋਂ ਆਪ ਦੇ ਵਿਰੋਧੀਆ ਨੇ ਕੀਤਾ। ਲਾਹੌਰ ਦੀ ਪਬਲਿਕ ਦਾ ਇਕ ਦੱਲ ਅੱਧੇ ਘੰਟੇ ਦੇ ਅੰਦਰ ਹੀ ਉਸ ਮਕਾਨ ਦੇ ਸਾਹਮਣੇ ਇਕੱਠਾ ਹੋ ਗਿਆ। ਜਿਸ ਵਿੱਚ ਆਪ ਜੀ ਦਾ ਮੁਬਾਰਕ ਸ਼ਰੀਰ ਰੱਖਿਆ ਹੋਇਆ ਸੀ ਅਤੇ ਖ਼ੁਸ਼ੀ ਦੇ ਗੀਤ ਗਾ-ਗਾ ਕੇ ਆਪਣੇ ਆਤਮਕ ਅੰਨ੍ਹੇ ਪੁਣੇ ਦਾ ਸਬੂਤ ਦੇਣ ਲੱਗਾ। ਕੁਝ ਨੇ ਤਾ ਅਜੀਬ ਅਜੀਬ ਸਵਾਂਗ ਰਚ ਕੇ ਆਪਣੇ ਨੀਚ ਪੁਣੇ ਦਾ ਸਬੂਤ ਦਿੱਤਾ।

ਆਪ ਜੀ ਨਾਲ ਜੋ ਪਿਆਰ ਆਪ ਦੀ ਜਮਾਤ ਨੂੰ ਸੀ ਉਸਦਾ ਹਾਲ ਇਸ ਤੋਂ ਪਤਾ ਲਗ ਸਕਦਾ ਹੈ ਕਿ ਬਹੁਤ ਸਨ ਜੋ ਆਪ ਦੇ ਮੁਬਾਰਕ ਸ਼ਵ ਨੂੰ ਇਕ ਨਜ਼ਰ ਆਪਣੀਆਂ ਅੱਖਾਂ ਦੇ ਸਾਹਮਣੇ ਪਿਆ ਦੇਖਦੇ ਸਨ, ਇਸ ਗੱਲ ਨੂੰ ਕਬੂਲ ਕਰਨ ਨੂੰ ਤਿਆਰ ਸਨ ਕਿ ਆਪਣੇ ਹੋਸ਼ ਗੁਮ ਹੋਏ ਮਨ ਲੈਣ ਪਰ ਇਹ ਮਨਣਾ ਉਹਨਾਂ ਲਈ ਕਠਨ ਤੇ ਨਾ ਪਸੰਦ ਸੀ ਕਿ ਉਹਨਾ ਦਾ ਪਿਆਰਾ ਉਹਨਾਂ ਤੋਂ ਹਮੇਸ਼ਾ-ਹਮੇਸ਼ਾਂ ਲਈ ਜੁਦਾ ਹੋ ਗਿਆ ਹੈ। ਪਹਿਲੇ ਮਸੀਹ ਦੇ ਹਵਾਰੀਆਂ (ਮਨਣ-ਵਾਲਿਆਂ) ਅਤੇ ਇਸ ਮਸੀਹ ਦੇ ਹਵਾਰੀਆਂ ਦੀ ਆਪਣੇ ਮੁਰਸ਼ਦ ਨਾਲ ਪਿਆਰ ਵਿੱਚ ਇਹ ਫ਼ਰਕ ਹੈ ਕਿ ਉਹ ਤਾਂ ਮਸੀਹ ਦੇ ਸਲੀਬ ਉਪਰੋਂ ਜੀਉਂਦਾ ਉਤਰ ਆਉਣ ਤੇ ਹੈਰਾਨ ਸਨ

ਅਤੇ ਇਹ ਆਪਣੇ ਮਸੀਹ ਦੇ ਨਿਧਨ ਉੱਪਰ ਹੈਰਾਨ ਸਨ। ਉਹਨਾ ਦੀ ਸਮਝ ਵਿੱਚ ਨਹੀਂ ਆਉਦਾ ਸੀ ਕਿ ਮਸੀਹ ਜੀਉਦਾ ਕਿਵੇਂ ਹੈ ਅਤੇ ਇਹਨਾ ਨੂੰ ਸਮਝ ਨਹੀਂ ਆਉਦਾ ਸੀ ਕਿ ਮਸੀਹ ਦਾ ਨਿਧਨ ਕਿਉ ਹੋਇਆ। ਅੱਜ ਤੋਂ ਤੇਰ੍ਹਾਂ ਸੌ ਸਾਲ ਪਹਿਲਾਂ ਇਕ ਵਿਅਕਤੀ ਜੋ ਖ਼ਾਤਾਮੁਨੱਬੀਯੀੱਨ ਹੋਕੇ ਆਇਆ ਸੀ ਉਸਦੇ ਨਿਧਨ ਉਪਰ ਬਹੁਤ ਹੀ ਸੱਚੇ ਦਿਲੋਂ ਇਕ ਕਵੀ ਨੇ ਸੱਚਾਈ ਨਾਲ ਭਰਿਆ ਇਹ ਸ਼ੇਅਰ ਕਿਹਾ ਸੀ ਕਿ :-

ਕੁਨਤੱਸਵਾਦਾ ਲਿਨਾਜ਼ਿਰੀ ਫ਼ਾਆਮਿਯਾ ਅਲਯੱਨਾੱਜ਼ਿਰੂ ।
ਮਨ ਸ਼ਾਆ ਬਅਦਾਕਾ ਫ਼ਲਯਮੁਤ ਫ਼ਾਅਲੈਕਾ ਕੁੰਤੇ ਉਹਾਜ਼ਿਰੂ ॥

ਅਰਥ: - ਕਿ ਤੂੰ ਮੇਰੀ ਅੱਖ ਦੀ ਪੁਤਲੀ ਸੀ। ਤੇਰੀ ਮੌਤ ਨਾਲ ਮੇਰੀ ਅੱਖ ਅੰਨ੍ਹੀਂ ਹੋ ਗਈ। ਹੁਣ ਤੇਰੇ ਮਗਰੋਂ ਕੋਈ ਵਿਅਕਤੀ ਪਿਆ ਮਰਿਆ ਕਰੇ ਸਾਨੂੰ ਉਸਦੀ ਪਰਵਾ ਨਹੀਂ ਕਿਉਕਿ ਅਸੀਂ ਤਾਂ ਤੇਰੀ ਹੀ ਮੌਤ ਤੋਂ ਡਰ ਰਹੇ ਸੀ।

ਅਜ ਤੇਰ੍ਹਾਂ ਸੌ ਸਾਲ ਬਾਦ ਉਸ ਨਬੀ ਦੇ ਇਕ ਗ਼ੁਲਾਮ ਦੇ ਨਿਧਨ ਉੱਪਰ ਫ਼ਿਰ ਉਹੋ ਦ੍ਰਿਸ਼ ਅੱਖਾਂ ਨੇ ਦੇਖਿਆ ਕਿ ਜਿਨ੍ਹਾਂ ਨੇ ਉਸਨੂੰ ਪਛਾਣ ਲਿਆ ਸੀ ਉਹਨਾਂ ਦਾ ਇਹ ਹਾਲ ਸੀ ਕਿ ਦੁਨੀਆ ਉਨ੍ਹਾਂ ਦੀ ਨਜ਼ਰਾਂ ਵਿੱਚ ਤੁਛ ਹੋ ਗਈ ਅਤੇ ਉਹਨਾਂ ਦੀਆਂ ਸਾਰੀਆਂ ਖੁਸ਼ੀਆਂ ਅਗਲੇ ਜਹਾਨ ਵਿੱਚ ਹੀ ਚਲੀਆਂ ਗਈਆਂ ਸਗੋਂ ਹੁਣ ਤੱਕ ਅੱਠ ਸਾਲ ਬੀਤ ਚੁਕੇ ਹਨ ਉਹਨਾਂ ਦਾ ਇਹੋ ਹਾਲ ਹੈ ਅਤੇ ਭਾਵੇਂ ਸਦੀ ਵੀ ਬੀਤ ਜਾਵੇ ਪਰ ਉਹ ਉਹਨਾਂ ਨੂੰ ਕਦੇ ਭੁਲ ਨਹੀਂ ਸਕਦੇ। ਜਦਕਿ ਖ਼ੁਦਾ ਤਆਲਾ ਦਾ ਪਿਆਰਾ ਰਸੂਲ ਉਹਨਾਂ ਵਿਚਾਲੇ ਚਲਦਾ ਫ਼ਿਰਦਾ ਸੀ।

ਦਰਦ ਮਨੁੱਖ ਨੂੰ ਬੇਤਾਬ ਕਰ ਦਿੰਦਾ ਹੈ ਅਤੇ ਮੈਂ ਵੀ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੇ ਨਿਧਨ ਦਾ ਵਰਨਣ ਕਰਕੇ ਕਿਤੇ ਦਾ ਕਿਤੇ ਚਲਾ ਗਿਆ। ਮੈਂ ਹੁਣੇ ਵਰਣਨ ਕੀਤਾ ਹੈ ਕਿ ਸਾਢੇ ਦਸ ਵਜੇ ਆਪ ਜੀ ਦਾ ਨਿਧਨ ਹੋਇਆ। ਉਸੇ ਸਮੇਂ ਆਪਦੀ ਦੇਹ ਮੁਬਾਰਕ ਨੂੰ ਕਾਦੀਆਂ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਅਤੇ ਸ਼ਾਮ ਦੀ ਗੱਡੀ ਵਿੱਚ ਬਹੁਤ ਬੋਝਲ ਦਿਲ ਨਾਲ ਆਪ ਦੀ ਜਮਾਤ ਸ਼ਵ ਲੈਕੇ ਚਲੀ ਅਤੇ ਆਪ ਜੀ ਦਾ ਇਲਹਾਮ ਪੂਰਾ ਹੋਇਆ ਜੋ ਸਮੇਂ ਤੋਂ ਪਹਿਲਾਂ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਤ ਹੋ ਚੁਕਿਆ ਸੀ ਕਿ ''ਉਹਨਾਂ ਦਾ ਸ਼ਵ ਕਫ਼ਨ ਵਿੱਚ ਲਪੇਟ ਕੇ ਲਿਆਂਦਾ ਹੈ।''

ਬਟਾਲਾ ਪਹੁੰਚ ਕੇ ਆਪ ਦਾ ਜਨਾਜ਼ਹ (ਸ਼ਵ) ਉਸੇ ਸਮੇਂ ਕਾਦੀਆਂ ਪਹੁੰਚਾਇਆ ਗਿਆ ਅਤੇ ਇਸ ਤੋਂ ਪਹਿਲਾਂ ਕਿ ਆਪ ਜੀ ਨੂੰ ਦਫ਼ਨ ਕੀਤਾ ਜਾਂਦਾ। ਕਾਦੀਆਂ ਵਿੱਚ ਮੌਜੂਦਾਹ ਜਮਾਤ ਨੇ (ਜਿਨ੍ਹਾਂ ਵਿੱਚ ਕਈ ਸੌ ਪ੍ਰਤੀਨਿਧੀ ਬਾਹਰ ਦੀ

ਜਮਾਤ ਦੇ ਵੀ ਸ਼ਾਮਲ ਸਨ) ਸਾਰਿਆਂ ਦੀ ਸਹਿਮਤੀ ਨਾਲ ਆਪਜੀ ਦਾ ਉਤਰਾਧਿਕਾਰੀ ਅਤੇ ਖ਼ਲੀਫ਼ਾ ਹਜ਼ਰਤ ਹਾਫ਼ਿਜ਼ ਹਾਜੀ ਹਕੀਮ ਮੌਲਵੀ ਨੁਰੁੱਦੀਨ ਸਾਹਬ ਭੇਰਵੀ ਰਜ਼ੀ ਅੱਲਾਹ ਅਨਹੋ ਨੂੰ ਮਨਕੇ ਉਹਨਾਂ ਦੇ ਹੱਥ 'ਤੇ ਬੈਅਤ ਕਰ ਲਈ ਅਤੇ ਇਸ ਪ੍ਰਕਾਰ ਅਲ-ਵਸੀੱਯਤ ਵਿੱਚ ਪ੍ਰਕਾਸ਼ਤ ਹੋਈ ਉਹ ਭਵਿਖਬਾਣੀ ਪੂਰੀ ਹੋਈ ਕਿ ਜਿਵੇਂ ਆਂਹਜ਼ਰਤ ਸੱਲਲੱਾਹੋ ਅਲੈਹਿ ਵਸਲਮ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੋ ਖੜੇ ਕੀਤੇ ਗਏ ਸਨ ਮੇਰੀ ਜਮਾਤ ਲਈ ਵੀ ਖ਼ੁਦਾ ਤਆਲਾ ਉਸੇ ਰੰਗ ਵਿੱਚ ਪ੍ਰਬੰਧ ਕਰੇਗਾ। ਇਸ ਦੇ ਬਾਦ ਖਲੀਫ਼ਾ-ਏ-ਵਕਤ ਨੇ ਆਪ ਦਾ ਜਨਾਜ਼ਹ ਪੜ੍ਹਾਇਆ ਅਤੇ ਦੁਪੈਹਿਰ ਦੇ ਬਾਦ ਆਪ ਨੂੰ ਦਫ਼ਨ ਕੀਤਾ ਗਿਆ। ਅਤੇ ਇਸ ਪ੍ਰਕਾਰ ਆਪ ਜੀ ਦਾ ਉਹ ਇਲਹਾਮ (ਕਿ ''ਸੱਤਾਈ 27 ਨੂੰ ਇਕ ਘਟਨਾ ਸਾਡੇ ਬਾਰੇ'') ਜੋ ਸਨ 1902 ਈ. ਵਿੱਚ ਹੋਇਆ ਸੀ ਅਤੇ ਭਿੰਨ-ਭਿੰਨ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਹੋ ਚੁਕਿਆ ਸੀ ਪੂਰਾ ਹੋਇਆ। ਕਿਉਂਕਿ 26 ਮਈ ਨੂੰ ਆਪ ਦਾ ਨਿਧਨ ਹੋਇਆ ਅਤੇ 27 ਮਈ ਨੂੰ ਦਫ਼ਨ ਕੀਤੇ ਗਏ ਅਤੇ ਇਸ ਇਲਹਾਮ ਦੇ ਨਾਲ ਇਕ ਹੋਰ ਇਲਹਾਮ ਵੀ ਸੀ ਜਿਸ ਨਾਲ ਇਸ ਇਲਹਾਮ ਦੇ ਅਰਥ ਸਪਸ਼ਟ ਕਰ ਦਿੱਤੇ ਗਏ ਸਨ ਅਤੇ ਉਹ ਇਲਹਾਮ ਇਹ ਸੀ ਕਿ ''ਵਕਤ ਰਸੀਦ'' ਅਰਥਾਤ ਤੇਰੇ ਨਿਧਨ ਦਾ ਸਮਾ ਆ ਗਿਆ ਹੈ।

ਆਪਦੇ ਨਿਧਨ ਉਪਰ ਅੰਗ੍ਰੇਜ਼ੀ ਅਤੇ ਭਾਰਤੀ ਸਾਰੀਆਂ ਅਖ਼ਬਾਰਾਂ ਨੇ ਵਿਰੋਧਤਾ ਹੁੰਦਿਆ ਹੋਇਆਂ ਵੀ ਇਸ ਗਲ ਦਾ ਇਕਰਾਰ ਕੀਤਾ ਕਿ ਇਸ ਜੁਗ ਦੇ ਆਪ ਇਕ ਬਹੁਤ ਮਹਾਨ ਸੁਧਾਰਕ ਸਨ।

★★★
★